ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ।

ੴ

ਮਾਸਕ ਪੱਤਰ


ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

ਪਟਿਆਲਾ

ਜਨਵਰੀ ੧੯੭੦

JANUARY 1970




ਗੁ: ਸਾਹਿਬ ਨਾਨਕਸਰ ਵੇਰਕਾ (ਜ਼ਿਲਾ ਅੰਮ੍ਰਿਤਸਰ)

ਗੁਰੂ ਨਾਨਕ ਅੰਕ-੩


GURU NANAK EDITION—3

www.AKJ.Org

ਜਿਥੈ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣਿ ਸੋਆ ॥



ਗੁ: ਚਲੀਹਾ ਸਾਹਿ[illegible] ਸਰਸਾ, ਜ਼ਿ: ਹਿਸਾ[illegible] ਣਾ)



ਗੁਰਦਵਾਰਾ ਸਾਹਿਬ ਮਜਨੂੰ

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




# ਗੁਰਮਤਿ ਪਰਚਾਰਕ ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੪ ] ਪੋਹ-ਮਾਘ ੫੦੦ ਨਾਨਕ ਸ਼ਾਹੀ [ ਅੰਕ ੧੨


ਮਾਘਿ ਮਜਨੁ ਸੰਗਿ ਸਾਧੂਆ, ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ, ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ, ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ, ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ, ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ, ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ, ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ, ਜਿਨ ਪੂਰਾ ਗੁਰੁ ਮਿਹਰਵਾਨੁ ॥
(ਬਾਂਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ :
ਪਿਆਰਾ ਸਿੰਘ


## ਗੁਰੂ ਨਾਨਕ ਅੰਕ ਨੰ:-੩ ਜਨਵਰੀ ੧੯੭੦


ਆਨਰੇਰੀ ਸੰਪਾਦਕ :
ਮਨੋਹਰ ਸਿੰਘ



ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ 5 ਜਨਵਰੀ 1970 ਨੂੰ ਪ੍ਰਕਾਸ਼ਤ ਕੀਤਾ।



www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਜਥੇ ਦਾ ਹੋਲੇ ਮਹਲੇ ਦਾ ਸਮਾਗਮ | ੫ | ਭਾ: ਹਰਚਰਨ ਸਿੰਘ ਜੀ ਚੰਡੀਗੜ੍ਹ |
| ੨ | ਬਾਬੇ ਦੀ ਚਿਤਾਵਨੀ | ੬ | ਸੰਪਾਦਕ |
| ੩ | ਗੁਰਪੁਰਬ ਮਨਾਉਣ ਦਾ ਪ੍ਰਯੋਜਨ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪ | ਗੁਰੂ ਨਾਨਕ ਸਾਹਿਬ ਦਾ ਪ੍ਰਚਾਰ ਢੰਗ | ੧੨ | ਬੀਬੀ ਕੁਲਦੀਪ ਕੌਰ ਜੀ, ਪੰਜਾਬੀ ਯੂਨੀਵਰਸਟੀ ਪਟਿਆਲਾ । |
| ੫ | ਗੁਰੂ ਨਾਨਕ ਦੇਵ ਜੀ ਦਾ ਮਿਸ਼ਨ | ੧੬ | ਬੀਬੀ ਦਰਸ਼ਨਜੋਤ ਕੌਰ 'ਜੋਤ' ਲੁਧਿਆਣਾ |
| ੬ | ਗੁਰੂ ਨਾਨਕ ਦੇ ਆਦਰਸ਼ਕ ਸਿਖ ਦਾ ਚਿਤਰ | ੨੦ | ਭਾ: ਜਸਮੇਰ ਸਿੰਘ ਜੀ, 'ਪਾਲ' ਚੰਡੀਗੜ੍ਹ |
| ੭ | ਗੁਰੂ ਨਾਨਕ ਸਾਹਿਬ ਦੇ ਸਿਧਾਂਤ | ੨੪ | ਪ੍ਰੋ: ਪਿਆਰਾ ਸਿੰਘ ਜੀ ਪਦਮ, ਪਟਿਆਲਾ |
| ੮ | ਥਾਪਿਆ ਨ ਜਾਇ | ੩੨ | ਸ੍ਰ: ਜੋਧ ਸਿੰਘ ਜੀ 'ਸਹਿਤ ਰਤਨ' ਬਨਾਰਸ |
| ੯ | ਆਤਮਕ ਮਾਰਗ ਦਾ ਪਾਂਧੀ | ੩੬ | ਪ੍ਰਿੰ: ਮੇਹਰ ਸਿੰਘ ਜੀ, ਡੇਰ੍ਹਾਦੂਨ |
| ੧੦ | ਹੁਕਮਿ ਰਜਾਈ | ੪੦ | ਪ੍ਰੋ: ਹਰਬੰਸ ਸਿੰਘ ਜੀ, ਲੁਧਿਆਣਾ |
| ੧੧ | ਭਾਈ ਸਜਨ ਸਿੰਘ ਜੀ ਬਾਰੇ | ੪੫ | ਸੰਪਾਦਕ |


## 'ਸੂਰਾ' ਦਾ ਸਾਲਨਾ ਚੰਦਾ


ਦੇਸ–7 ਰੁਪਏ | ਪ੍ਰਦੇਸ–12 ਰੁਪੈ ਸਮੁੰਦਰੀ ਡਾਕ
ਪ੍ਰਦੇਸ–36 ਰੁਪਏ ਹਵਾਈਡਾਕ | ਲਾਈਫ਼ ਮੈਂਬਰ–250 ਰੁਪਏ
ਪ੍ਰਤੀ ਕਾਪੀ 70 ਪੈਸੇ



# ਦਮੇਂ ਦੇ ਰੋਗ ਦਾ ਪੂਰਾ ਇਲਾਜ

**ਦਮਾਂ**- ਬਲਗ਼ਮੀ ਖਾਂਸੀ, ਨਜ਼ਲਾ, ਸਾਹ ਦਾ ਚੜ੍ਹਨਾ, ਆਦਿ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਸੁਆਮੀ ਜੀ ਅਵਧੂਤ ਆਯੁਰਵੈਦਿਕ ਅਚਾਰੀਆ M.A. ਜੀ ਦੇ 60 ਸਾਲਾਂ ਦੇ ਅਜ਼ਮਾਏ ਨੁਸਖਿਆਂ ਨਾਲ ਇਲਾਜ ਕੀਤਾ ਜਾਂਦਾ ਹੈ, ਜਿਹੜਾ ਦਮੇਂ ਨੂੰ ਜੜ੍ਹ ਤੋਂ ਹੀ ਖਤਮ ਕਰ ਦਿੰਦਾ ਹੈ। ਫੌਰਨ ਮਿਲੋ ਜਾਂ ਲਿਖੋ। ਨਕਲਾਂ ਤੋਂ ਸਾਵਧਾਨ ਰਹੋ ! ਪੂਰਾ ਪਤਾ :—

ਟੈਲੀਫੋਨ ਨੰ: 1327

## ਸ ਨਿ ਆ ਸੀ ਦ ਵਾ ਖ਼ਾ ਨਾ

ਪੀਲੀ ਸੜਕ, ਰਾਘੋਮਾਜਰਾ, ਪਟਿਆਲਾ



www.AKJ.Org

# ਜਥੇ ਦਾ

# ਹੋਲੇ ਮਹਲੇ ਦਾ ਸਮਾਗਮ ਅਨੰਦਪੁਰ ਸਾਹਿਬ

ਹਰ ਸਾਲ ਕਾਫ਼ੀ ਗੁਰਮੁਖ ਪਿਆਰੇ ਦਾਸ ਨੂੰ ਹੁਕਮ ਦਿੰਦੇ ਸਨ ਕਿ ਇਕ ਵਾਰ ਜਥੇ ਦਾ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਹੋਣਾ ਚਾਹੀਦਾ ਹੈ। ਦਿਲੀ ਦੇ ਸਿੰਘ ਖ਼ਾਸ ਕਰ ਕੇ ਦਾਸ ਨੂੰ ਇਸ ਲਈ ਪ੍ਰੇਰਨਾ ਦੇਂਦੇ ਸਨ। ਦਾਸ ਨੇ ਇਹਨਾਂ ਗੁਰਮੁਖਾਂ ਦਾ ਹੁਕਮ ਮੰਨਦੇ ਹੋਏ ਪਿਛਲੇ ਸਾਲ ਚੰਡੀਗੜ੍ਹ ਹੋਲੇ ਮਹੱਲੇ ਤੇ ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਸੀ ਕਿ 1970 ਦਾ ਹੋਲੇ ਮਹਲੇ ਦਾ ਸਮਾਗਮ ਸਾਰੇ ਜਥਿਆਂ ਵਲੋਂ ਸਾਂਝਾ ਸ੍ਰੀ ਅਨੰਦਪੁਰ ਸਾਹਿਬ ਮਨਾਇਆ ਜਾਵੇਗਾ। ਹੁਣ ਕਈ ਸਜਣ ਮਿਲਦੇ ਹਨ ਤਾਂ ਪੁਛਦੇ ਹਨ ਕਿ ਓਥੇ ਸੇਵਾ ਤੇ ਇੰਤਜ਼ਾਮ ਦਾ ਪ੍ਰਬੰਧ ਕਿਸ ਤਰ੍ਹਾਂ ਹੋਵੇਗਾ?

ਸੇਵਾ ਸਾਰੇ ਸਿੰਘਾਂ ਨੇ ਰਲਕੇ ਕਰਨੀ ਹੈ ਅਤੇ ਪ੍ਰਬੰਧ ਸਚਾ ਪਾਤਸ਼ਾਹ ਕਰੇਗਾ।

ਚੰਡੀਗੜ੍ਹ ਸਮਾਗਮ ਤੇ ਇਹ ਮਤਾ ਸੁਣਦੇ ਸਾਰ ਹੀ ਭਾ: ਸਤਿਨਾਮ ਸਿੰਘ ਜੀ (ਜਰਨੈਲ ਸਾਹਿਬ) ਨੇ ਖੁਸ਼ੀਆਂ ਵਿਚ ਆਕੇ ਕਿਹਾ ਕਿ ਹੋਲੇ ਮਹਲੇ ਦੇ ਸਮਾਗਮ ਤੇ ਲੰਗਰ ਵਾਸਤੇ ਜਿੰਨਾ ਵੀ ਆਟਾ ਲਗੇਗਾ ਉਹ ਸੇਵਾ ਕਰਨਗੇ, ਅਤੇ ਵੀਰ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਵਾਲਿਆਂ ਨੇ ਬਚਨ ਦਿਤਾ ਸੀ ਕਿ ਸਮਾਗਮ ਤੇ ਜਿੰਨੀਆਂ ਦਾਲਾਂ ਲਗਣਗੀਆਂ ਉਹ ਭੇਟਾ ਕਰਨਗੇ।

ਸਾਰੇ ਸ਼ਹਿਰਾਂ ਦੇ ਜਥੇਦਾਰ ਆਪਣੇ ਸ਼ਹਿਰਾਂ ਵਿਚੋਂ ਇਕ ਇਕ ਗੁਰਮੁਖ ਸਜਨ ਦਾ ਨਾਮ ਸਮਾਗਮ ਦੀ ਪ੍ਰਬੰਧਕ ਕਮੇਟੀ ਲਈ ਅਤੇ ਦੋ ਦੋ ਸਜਨਾਂ ਦੇ ਨਾਮ ਲੰਗਰ ਦੀ ਸੇਵਾ ਵਾਸਤੇ ਦਾਸ ਨੂੰ 15 ਜਨਵਰੀ ਤਕ ਘਲਣ ਦੀ ਕ੍ਰਿਪਾਲਤਾ ਕਰਨ। ਕ੍ਰਿਪਾ ਕਰਕੇ ਉਹਨਾਂ ਸਜਨਾਂ ਦਾ ਨਾਮ ਘਲਿਆ ਜਾਵੇ ਜਿਹੜੇ ਇਕ ਦੂਜੇ ਨਾਲ ਮਿਲ ਕੇ ਪ੍ਰਸਪਰ ਪਿਆਰ ਵਿਚ ਸੇਵਾ ਕਰ ਸਕਣ, ਅਤੇ ਜੋ ਉਹਨਾਂ ਦੇ ਜਥਿਆਂ ਨੇ ਇਸ ਦੇ ਸਮਾਗਮ ਵਿਚ ਲੰਗਰ ਦੀ ਸੇਵਾ ਕਰਨੀ ਹੋਵੇ ਉਹ ਆਪਣੇ ਪ੍ਰਬੰਧਕੀ ਕਮੇਟੀ ਦੇ ਮੈਂਬਰ ਨੂੰ ਹੀ ਨੋਟ ਕਰਾ ਦੇਣ। ਮਹਾਰਾਜ ਕ੍ਰਿਪਾ ਕਰੇ ਸਮਾਗਮ ਚੜ੍ਹਦੀਆਂ ਕਲਾਂ ਵਿਚ ਨਿਭੇ ਤਾਂਕਿ ਅਸੀਂ ਹੋਰ ਗੁਰਧਾਮਾਂ ਤੇ ਅਜੇਹੇ ਸਮਾਗਮ ਇਹ ਸਮਾਗਮ ਇਕੱਠੇ ਹੋ ਕੇ ਮਨਾਇਆ ਕਰੀਏ।

ਕੀਰਤਨ ਦਾ ਤਫਸੀਲ ਵਾਰ ਪ੍ਰੋਗਰਾਮ ਸਮਾਗਮ ਅਸਥਾਨ ਆਦਿ ਦੀ ਸੂਚਨਾ ਅਗਲੇ ਮਹੀਨੇ ਦੇ 'ਸੂਰਾ' ਵਿਚ ਦਿਤੀ ਜਾਵੇਗੀ।

ਨੋਟ:—ਜਿਨ੍ਹਾਂ ਜਿਨ੍ਹਾਂ ਸਜਨਾਂ ਦੇ ਪਿੰਡ ਅਨੰਦਪੁਰ ਸਾਹਿਬ ਦੇ ਨੇੜੇ ਹਨ ਉਹ ਦਾਸ ਨੂੰ ਆਪਣਾ ਅਡਰੈਸ ਇਕ ਹਫਤੇ ਵਿਚ ਜ਼ਰੂਰ ਭੇਜਣ ਦੀ ਕ੍ਰਿਪਾਲਤਾ ਕਰਨ। ਦੁਧ ਆਦਿ ਦੀ ਸੇਵਾ ਨੇੜੇ ਦੇ ਸਿੰਘ ਹੀ ਕਰ ਸਕਦੇ ਹਨ। ਕ੍ਰਿਪਾ ਕਰਕੇ ਕੋਈ ਗੁਰੂ ਕਾ ਸਿੰਘ ਇਹ ਸੇਵਾ ਆਪਣੇ ਸਿਰ ਲੈ ਕੇ ਸ੍ਰੀ ਦਸ਼ਮੇਸ਼ ਪਿਤਾ ਦੀਆਂ ਖੁਸ਼ੀਆਂ ਪ੍ਰਾਪਤ ਕਰੇ।

—ਸੰਗਤਾ ਦਾ ਦਾਸ—
ਹਰਚਰਨ ਸਿੰਘ
**3032 ਸੈਕਟਰ—19—D ਚੰਡੀਗੜ੍ਹ**


www.AKJ.Org

## ਸੰਪਾਦਕੀ

# ਬਾਬੇ ਦੀ ਚਿਤਾਵਨੀ

ਬਾਬੇ-ਨਾਨਕ ਦਾ ਧਰਮ ਗ੍ਰਿਸਤ ਦਾ ਧਰਮ ਹੈ। ਬਾਬੇ ਦਾ ਧਰਮ ਖਾਂਦਿਆਂ ਪੀਂਦਿਆਂ ਮੁਕਤੀ ਦਿੰਦਾ ਹੈ, ਹਸਦਿਆਂ ਖੇਡਦਿਆਂ ਪਰਮ ਪਦ ਦਾ ਸੁਆਦ ਦਿੰਦਾ ਹੈ।

ਅਸੀਂ ਬਾਬੇ ਦੇ ਸਿਖ ਹਾਂ, ਉਦਮ ਕਰਕੇ ਜੀਉਂਦੇ ਹਾਂ, ਮਾਇਕ ਪਦਾਰਥਾਂ ਦੇ ਸੁਖ ਵੀ ਮਾਣਦੇ ਹਾਂ। ਕਿਉਂਕਿ ਬਾਬੇ ਦਾ ਹੁਕਮ ਹੈ ਕਿ ਘਰ ਬਾਰ ਤੇ ਪਦਾਰਥਕ ਸੁਖ ਛਡਣ ਦੀ ਲੋੜ ਨਹੀਂ।

ਇਹ ਠੀਕ ਹੈ ਕਿ ਬਾਬੇ ਨੇ ਸਾਨੂੰ ਆਗਿਆ ਦਿਤੀ ਹੈ ਕਿ ਬੇਸ਼ਕ ਛੱਤੀ ਪਰਕਾਰ ਦੇ ਭੋਜਨ ਛਕੋ, ਬੇਸ਼ਕ ਨਿਰਮਲ ਖੁਸ਼ਬੂਈ ਦੇਣ ਵਾਲੀਆਂ ਵਸਤੂਆਂ ਵਰਤੋ, ਸੋਹਣੇ ਮਹਿਲ ਮਾੜੀਆਂ ਵਿਚ ਰਹੋ, ਪੁਤਰ ਕਲੱਤਰ ਵਿਚ ਰਹਿ ਕੇ ਜੀਵਨ ਦਾ ਆਨੰਦ ਮਾਣੋ, ਪਰ ਸਭ ਕੁਝ ਦੇ ਕੇ ਵੀ ਬਾਬੇ ਨਾਨਕ ਨੇ ਸਾਨੂੰ ਕਈ ਵਾਰੀ ਅਜਿਹੇ ਸ਼ਬਦਾਂ ਰਾਹੀਂ ਚਿਤਾਵਨੀ ਵੀ ਦਿਤੀ ਹੈ—

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

ਬਾਬੇ ਨੇ ਕਿਹਾ ਕਿ ਭਾਵੇਂ ਅਸੀਂ ਅਜਿਹੇ ਮੰਦਰ (ਘਰ) ਵਿਚ ਰਹੀਏ ਜੋ ਮੋਤੀਆਂ ਦਾ ਬਣਿਆ ਹੋਵੇ, ਤੇ ਰਤਨਾਂ ਨਾਲ ਜੜਿਆ ਹੋਵੇ। ਕਸਤੂਰੀ ਕੇਸਰ ਤੇ ਹੋਰ ਖੁਸ਼ਬੂਦਾਰ ਚੀਜ਼ਾਂ ਨਾਲ ਇਉਂ ਲਿਪਿਆ ਹੋਵੇ ਕਿ ਮਨ ਦੇਖ ਦੇਖ ਕੇ ਖੁਸ਼ ਹੋਵੇ, ਪਰ ਅਜਿਹੇ ਘਰ ਵਿਚ ਰਹਿੰਦਿਆਂ ਐਸਾ ਨਾ ਹੋਵੇ ਕਿ ਤੇਰਾ ਨਾਮ ਹੀ ਭੁਲ ਜਾਵੇ।

ਇਸ ਸ਼ਬਦ ਵਿਚ ਬਾਬੇ ਨਾਨਕ ਨੇ ਸਾਨੂੰ ਚਿਤਾਵਨੀ ਦਿਤੀ ਹੈ ਕਿ ਸੰਸਾਰਕ ਸੁਖਾਂ ਤੇ ਸੁਆਦਾਂ ਵਿਚ ਅਸੀਂ ਏਨੇ ਖਚਤ ਨਾ ਹੋਈਏ ਕਿ ਨਾਮ ਜਪਣਾ ਭੁਲ ਹੀ ਜਾਈਏ।

ਅਸੀਂ ਬਾਬੇ ਨਾਨਕ ਦੇ ਸਿੱਖ ਵੀਹਵੀਂ ਸਦੀ ਵਿਚ ਜੀਉ ਰਹੇ ਹਾਂ। ਮਾਇਆ ਕਮਾ ਕੇ ਪਦਾਰਥਕ ਸੁਖ ਮਾਣ ਰਹੇ ਹਾਂ। ਮਾਤਾ ਪਿਤਾ, ਇਸਤਰੀ-ਬੱਚੇ, ਭੈਣਾਂ ਭਰਾਵਾਂ ਵਿਚ ਰਹਿੰਦੇ ਹੋਏ ਜੀਵਨ-ਸੁਖ ਲੈ ਰਹੇ ਹਾਂ। ਪਰ ਬਾਬੇ ਦੀ ਚਿਤਾਵਨੀ ਰਾਹੀਂ ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਬਣਦੀ ਹੈ—

ਕੀ ਅਸੀਂ ਪਤਿਤ ਕਰਮਾਂ ਤੋਂ ਬਚਦੇ ਹਾਂ?

ਕੀ ਅਸੀਂ ਰਹਿਤ ਬਹਿਤ ਨੂੰ ਦਿਲੋਂ ਪਿਆਰਦੇ ਹਾਂ ਜਾਂ ਬੱਧੇ ਚੱਟੀ ਭਰਦੇ ਹਾਂ?

ਨਿਤਨੇਮ ਕਰਦਿਆਂ ਕੀ ਸਾਡੀ ਸੁਰਤੀ ਟਿਕਦੀ ਹੈ?

ਅੰਮ੍ਰਿਤ ਵੇਲੇ ਉਠ ਕੇ ਕੀ ਅਸੀਂ ਸੁਰਤ-ਸ਼ਬਦ ਦਾ ਮੇਲ ਕਰਦੇ ਹਾਂ?

ਬਾਬੇ ਦੀ ਚਿਤਾਵਨੀ ਰਾਹੀਂ ਸਾਨੂੰ—ਆਪਨੜੇ ਗਰੀਵਾਨ ਵਿਚ ਸਿਰ ਨੀਵਾਂ ਕਰਕੇ ਦੇਖਣਾ ਚਾਹੀਦਾ ਹੈ।



www.AKJ.Org

# * ਗੁਰਪੁਰਬ ਮਨਾਉਣ ਦਾ ਪ੍ਰਯੋਜਨ *

( ਵਲੋਂ–ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ)

ਮਾਇਆ ਮੋਹ ਵਿਚ ਮਨੂਰ ਹੋਏ ਮਨ ਅਤੇ ਭ੍ਰਮ ਜਾਲ ਦੇ ਭਰਮਾਏ ਹੋਏ ਜੀਵ ਚਾਹੇ ਸ੍ਰਿਸਟੀ ਭਰ ਦੇ ਐਸ਼ਵਰਜ ਦੇ ਮਾਲਕ ਕਿਉਂ ਨ ਹੋ ਜਾਣ, ਘੋਰ ਅੰਧਕਾਰ ਵਿਚ ਹੀ ਭਟਕ ਰਹੇ ਹਨ। ਜੇਕਰ ਜੋਤ ਸਰੂਪੀ ਆਤਮਿਕ ਜੋਤ ਦੀ ਕਿਰਨ ਤਿਨ੍ਹਾਂ ਦੀ ਘਟ ਅੰਦਰ ਨਹੀਂ ਪ੍ਰਕਾਸ਼ੀ, ਚਤਰਾਈ ਸਿਆਣਪ ਦੇ ਮਾਯਾਵੀ ਮਦ ਵਿਚ ਮਤੇ ਹੋਏ ਮਗਜ਼ (ਦਿਮਾਗ) ਅਤੇ ਮਤ ਮਤ੍ਰਾਂਤਾਂ ਦੀਆਂ ਸੁਸ਼ਕ ਫਿਲਾਸਫੀਆਂ ਅਤੇ ਨਵੀਨ ਵਾ ਪ੍ਰਾਚੀਨ ਜ਼ਮਾਨੇ ਦੀ ਨਾਨਾ ਪ੍ਰਕਾਰੀ ਸਾਇੰਸ ਦੇ ਮੁਠੇ ਹੋਏ ਹਿਰਦੇ, ਚਾਹੇ ਵਿਦਿਆ ਦੇ ਭੰਡਾਰ ਹੀ ਕਿਉਂ ਨਾ ਬਣੇ ਹੋਣ, ਹਨੇਰ ਗੁਬਾਰ ਵਿਚ ਹੀ ਭੰਬਲਭੂਸੇ ਖਾ ਰਹੇ ਹਨ, ਜੇਕਰ ਇਕ ਅਕਾਲੀ ਜੋਤ ਦਾ ਚਮਤਕਾਰ ਓਥੇ ਨਹੀਂ ਪਿਆ। ਜੋ ਹਿਰਦੇ ਇਸ ਸੱਚੀ ਜੋਤ ਸਰੂਪੀ ਰੋਸ਼ਨੀ ਤੋਂ ਸਖਣੇ ਹਨ, ਜੋ ਮਨ ਆਪਣੇ ਆਤਮਕ ਸਰੂਪ ਦੀ ਲਖਤਾ ਤੋਂ ਘੁਥੇ ਹੋਏ ਹਨ, ਓਹ ਅਗਿਆਨ ਅੰਧੇਰ ਵਿਚ ਕੇਵਲ ਅੰਧੇਰੇ ਨੂੰ ਹੀ ਜੱਫਾ ਪਾਈ ਬੈਠੇ ਹਨ। ਉਥੇ ਅਗਿਆਨ ਤਿਮਰ ਹੀ ਛਾ ਰਿਹਾ ਹੈ ਓਥੇ ਕੈਸੀ ਕਾਲੀ ਬੋਲੀ ਰਾਤ ਵਾਲਾ ਅੰਧੇਰਾ ਹੈ। ਸ੍ਰਿਸ਼ਟੀ ਦੇ ਸਰਬ ਸਿਰਜੇ ਜੀਆਂ ਜੰਤਾਂ ਤੋਂ ਸਰਬ ਸ੍ਰੇਸ਼ਟ (ਅਸ਼ਰਫੁਲ-ਮਖ਼ਲੂਕਾਤ) ਅਖਵਾਉਣ ਵਾਲਾ ਚਤਰਾਈ ਦਾ ਪੁੰਜ ਮਨੁਖ ਇਸ ਆਤਮਕ ਲਖਤਾ ਤੋਂ ਊਰਾ ਹੀ ਰਹੇ। ਕਿ ਮੈਂ ਕੀ ਹਾਂ? ਮੇਰਾ ਸਰੂਪ ਕੀ ਹੈ? ਮੇਰਾ ਮੂਲ ਕੀ ਹੈ? ਕਥਨੀ ਦੁਆਰਾ ਏਸ ਅਵਸਥਾ ਨੂੰ ਕਥਿ ਕਥਿ ਕੇ ਤਾਂ ਬਥੇਰੇ ਹੰਭ ਹਾਰ ਹਟੇ ਹਨ, ਪਰ ਨਿਰੀ ਕਥਨੀ ਹੀ ਕਥਨੀ ਰਹੀ ਹੈ ਉਸ ਸਰੂਪ ਦੀ ਵਾਸਤਵੀ ਲਖਤਾ ਉਸ ਅਕਾਲੀ ਜੋਤ ਦਾ ਅਨਭਵੀ ਪ੍ਰਕਾਸ਼ ਨਹੀਂ ਹੋ ਸਕਿਆ। ਆਪਣਾ ਅਸਲ ਸਰੂਪ, ਜੋਤ ਸਰੂਪੀ ਸਰੂਪ ਨਹੀਂ ਚੀਨਿਆ ਗਿਆ। ਤਾਂਤੇ 'ਕਹੁ ਨਾਨਕ ਬਿਨੁ ਆਪਾ ਚੀਨੇ ਮਿਟੈ ਨ ਭਰਮ ਕੀ ਕਾਈ' ਦੇ ਗੁਰਵਾਕ ਦੇ ਭਾਵ ਅਨੁਸਾਰ ਭਰਮ ਹੀ ਭਰਮ ਰਿਹਾ। ਕੇਹਾ ਭਿਆਨਕ ਅੰਧੇਰਾ ਹੈ ਕਿ ਭਰਮ ਦੀ ਭ੍ਰਾਂਤੀ ਵਿਚ ਹੋਂਦਿਆਂ ਭੀ ਭਰਮ ਅੰਧੇਰਾ ਨਾ ਭਾਸ ਸਕੇ। ਇਹ ਭਰਮ ਅੰਧੇਰਾ, ਇਹ ਤਿਮਰ ਅਗਿਆਨ ਸਾਰੇ ਜਗਤ ਪਰ ਛਾਇਆ ਦੇਖ ਕੇ ਕੇਵਲ ਇਸ ਤਿਮਰ ਅਗਿਆਨ ਰੂਪੀ ਭਰਮ ਅੰਧੇਰੇ ਨੂੰ ਦੂਰ ਕਰਨ ਹਿਤ ਹੀ 'ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ' ਜੀ ਨੇ ਤਿਮਰ ਅਗਿਆਨ ਦੇ ਹੜ੍ਹ ਵਿਚ ਹੜ੍ਹੇ ਜਾਂਦੇ ਸੰਸਾਰ ਨੂੰ ਉਬਾਰਨ ਲਈ ਕਲੀ ਕਾਲ ਵਿਖੇ ਆਣ ਕੇ ਅਵਤਾਰ ਧਾਰਿਆ ਅਤੇ ਧੁੰਦ ਗੁਬਾਰ ਵਿਚ ਧੁੰਦਲਾਏ ਸੰਸਾਰ ਦੇ ਧੁੰਦ ਰੋਗ, ਭਰਮ ਅੰਧ ਰੋਗ, ਤਿਮਰ ਅਗਿਆਨ ਰੋਗ ਨੂੰ ਦੂਰ ਕਰਨ ਲਈ ਅਜੇਹਾ ਅਧਿਭੁਤ ਅੰਜਨ ਅਮਰ ਕਲਾ ਦੁਆਰਾ ਵਰਸਾ ਕੇ ਧੁੰਦ ਰੋਗ ਦੇ ਆਤੁਰ ਅੰਧ-ਅਗਿਆਨੀ ਸੰਸਾਰੀਆਂ ਪ੍ਰਤੀ ਨਿਛਾਵਰ ਕੀਤਾ ਕੀਤਾ ਕਿ ਜਿਸ ਔਖਧ ਸੰਪੰਨ ਅਮਰ ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕਟ ਦਿਤੇ। ਏਸ ਅਮਰ ਕਲਾ ਪ੍ਰਕਾਸ਼ਕ ਅਤੇ ਤਿਮਰ ਅਗਿਆਨ ਬਿਨਾਸ਼ਕ ਨਿਰੰਜਨੀ ਅੰਜਨ ਔਖਧੀ (ਦਾਰੂ) ਨੂੰ ਰਿਦੇ ਰੂਪੀ ਨੇਤਰਾਂ ਅੰਦਰ ਸਿੰਚ ਕੇ ਰੋਗੀ ਸੰਸਾਰ ਦਾ ਅਗਿਆਨ ਰੋਗ ਚੱਕ ਦਿਤਾ। ਆਹਾ! ਕੇਹੀ ਅਸਚਰਜ ਔਖਧੀ ਹੈ! ਕੇਹਾ ਅਦੁਤੀ ਅੰਜਨ ਹੈ! ਜਿਸ ਨੂੰ ਕਿ ਗੁਰੂ ਸਰੂਪ ਅੰਮ੍ਰਿਤ ਬਾਣੀ 'ਸਤਿਗੁਰ ਨਾਨਕ ਦੇਵ' ਰੂਪੀ ਗੁਰੂ ਸਰੂਪ ਸੋਮੇ 'ਚੋਂ ਨਿਕਲੀ



www.AKJ.Org

ਹੋਈ ਬਾਣੀ ਇਸ ਬਿਧ ਵਰਣਨ ਕਰਦੀ ਹੈ । ਯਥਾ– 'ਸੰਸਾਰ ਰੋਗੀ ਨਾਮੁ ਦਾਰੂ' ਬਸ ਇਹ ਅਲੌਕਿਕ ਅੰਜਨ ਇਹ ਅਧਿਭੁਤ ਔਖਧੀ (ਦਾਰੂ) ਨਾਮ ਹੈ । ਜਿਸ ਅਮਰ ਪਦਾਰਥ ਦੇ ਭੁੰਚਿਆਂ ਅਤੇ ਰੋਗੀ ਦੇ ਰਿਦੇ ਰੂਪੀ ਰਿਦਆਕਰਾ ਅੰਦਰ ਸਿੰਚਤ ਹੋਇਆ ਅਗਿਆਨ ਅੰਧੇਰੇ ਦਾ ਬਿਨਾਸ ਅਤੇ ਕੋਟ ਸੂਰਜ ਦੇ ਉਜਿਆਰਾਂ ਸਮ ਦਿੱਬ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ, ਯਥਾ ਗੁਰਵਾਕ–'ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮ ਅੰਧੇਰਾ' ਏਹ ਪ੍ਰੀਖਿਆ ਹੈ ਭਰਮ ਅੰਧੇਰਾ ਬਿਨਸਨ ਦੀ ! ਏਹ ਸਚੀ ਪਛਾਣ ਹੈ ਤਿਮਰ ਅਗਿਆਨ ਦੇ ਬਿਨਾਸ ਦੀ, ਜਦ ਤੀਕ ਜਗਿਆਸੂਆਂ ਦੇ ਹਿਰਦੇ ਅੰਦਰ ਉਸ ਦਿੱਬ ਜੋਤ ਦੇ ਪ੍ਰਕਾਸ਼ ਦਾ ਉਜਾਲਾ ਸਚ ਮੁਚ ਕੋਟ (ਕਰੋੜ) ਸੂਰਜਾਂ ਦੇ ਚਾਨਣੇ ਵਤ, ਪਸਰਤ ਹੋ ਕੇ ਸਚੇ ਵਿਗਾਸ ਦੀ ਸੂਰਤ ਨਹੀਂ ਧਾਰਦਾ, ਜਦ ਤਾਈਂ ਇਸ ਬਿਧ ਜਗਿਆਸੂਆਂ ਦੇ ਘਟਾਂ ਅੰਦਰ ਗਿਆਨ ਰੂਪੀ ਸਚਾ ਚਾਨਣ ਨਹੀਂ ਖਿੜਦਾ (ਵਿਗਸਦਾ) ਜੈਸੇ ਕਿ 'ਚਾਂਦਨਾ ਗ੍ਰਹਿ ਹੋਇ ਅੰਧੇਰੈ' ਦੇ ਗੁਰਵਾਕ ਦਾ ਭਾਵ ਦਸਦਾ ਹੈ, ਤਦ ਤੀਕਰ ਘੋਰ ਅੰਧਕਾਰ ਹੀ ਅੰਧਕਾਰ ਹੈ, ਪਰ ਐਵੇਂ ਕਥਨੀ ਬਦਨੀ ਦੁਆਰਾ ਏਹ ਉਜਾਲਾ ਉਦਿਤ ਨਹੀਂ ਹੋ ਸਕਦਾ । ਬਸ 'ਨਾਮ' ਕੇਵਲ ਨਾਮ ਦੁਆਰਾ ਹੀ ਐਸਾ ਹੋਣਾ ਸੰਭਵ ਹੈ । ਨਾਮ ਕੇਵਲ ਨਾਮ ਦੁਆਰਾ ਹੀ ਦਿਬ ਜੋਤਿ ਦੀ ਲਖਤਾ ਕੋਟ ਸੂਰਜ ਦੇ ਉਜਿਆਰੇ ਸਮ ਪ੍ਰਕਾਸ਼ਤ ਜੋਤ ਦੀ ਲਖਤਾ ਪ੍ਰਾਪਤ ਹੁੰਦੀ ਹੈ । ਇਸ ਲਖਤਾ ਦੇ ਅਰਥ ਚੁੰਚ ਗਿਆਨੀਆਂ ਵਾਲੇ ਕਥਨੀ ਮਾਤਰ ਹੀ ਨਹੀਂ । ਅਨਮਾਨਤਾ ਐਵੇਂ ਕਹਿਣੀ ਹੀ ਹੈ । ਏਹ ਲਖਤਾ ਤਾਂ ਉਸ ਕੋਟ ਸੂਰਜਾਂ ਦੇ ਉਜਿਆਰੇ ਸਮ ਝਿਲਮਿਲਕਾਰ ਕ੍ਰਾਂਤੀ ਪ੍ਰਕਾਸ਼ਤ ਜੋਤ ਦਾ ਸਾਂਗੋ ਪਾਂਗ ਦਿਦਾਰ ਦਾ ਸਾਪੇਖਛ ਦਰਸ਼ਨ ਹੈ । ਇਸ ਅਲੌਕਿਕ ਨਾਮ ਪਦਾਰਥ ਦਾ ਫੁਹਾਰਾ ਕਿਥੋਂ ਫੁਟਿਆ? ਉਸ 'ਸਚੇ ਸਤਿਗੁਰ ਸ੍ਰੀ ਗੁਰੂ ਨਾਨਕ ਦੇਵ' ਰੂਪੀ ਸਚੇ ਸੋਮੇ ਤੋਂ, ਜਿਸ ਦੇ ਅਵਤਾਰ ਧਾਰਨ ਦੇ ਸੁਭਾਗ ਦਿਹਾੜੇ ਦਾ ਗੁਰਪੁਰਬ ਸਦਾ ਮਨਾਇਆ ਜਾਂਦਾ ਹੈ ।

ਏਹ ਗੁਰਪੁਰਬ ਮਨਾਵਣ ਦੀਆਂ ਸਾਰੀਆਂ ਖੁਸ਼ੀਆਂ ਕੇਵਲ ਉਸ ਸੁਭਾਗ ਦਿਹਾੜੇ ਦੀ ਯਾਦਗਾਰ ਵਿਚ ਹਨ, ਜਿਸ ਦਿਨ ਕਿ ਜੋਤ ਸਰੂਪ, ਪ੍ਰਕਾਸ਼ ਸਰੂਪ ਜੋਤ ਅਤੇ ਆਪਣੇ ਜੋਤ ਸਰੂਪੀ ਪ੍ਰਕਾਸ਼ ਦੁਆਰਾ ਸੰਸਾਰ ਭਰ ਦਾ ਤਿਮਰ ਅਗਿਆਨ ਬਿਨਾਸ ਕਰਨਹਾਰ ਜੋਤ, ਨਾਮ ਦੀ ਕਲਾ ਵਰਤਾ ਕੇ ਕੋਟਾਨ ਕੋਟ ਸੂਰਜਾਂ ਦੇ ਝਲਕਾਰ ਸਾਰਖੇ ਚਮਤਕਾਰ ਨੂੰ ਸਾਖਸ਼ਾਤ ਕਰਾਵਨਹਾਰੀ ਜੋਤ ਅਰਥਾਤ ਗੁਰੂ, 'ਸ੍ਰੀ ਗੁਰੂ ਨਾਨਕ ਦੇਵ ਜੀ' ਨੇ ਪਹਿਲੇ ਜਾਮੇ ਵਿਚ ਆਣ ਕੇ ਇਸ ਭਵਿ ਭੂਮੀ ਉਤੇ ਆਪਣੇ (ਨਿਜ ਸਰੂਪ) ਨੂੰ ਪ੍ਰਗਾਸਿਆ । ਅਜੇਹੇ ਜੋਤ ਸਰੂਪੀ ਗੁਰੂ ਦੇ ਪ੍ਰਗਟ ਹੋਣ ਦਾ ਦਿਹਾੜਾ ਕੋਈ ਆਵਾਗਾਉਣ (ਮਮੂਲੀ ਦਿਹਾੜਾ ਨਹੀਂ ਏਹ ਸਚੇ ਪ੍ਰਕਾਸ਼ ਦਾ ਦਿਹਾੜਾ ਹੈ । ਸਚ ਦੇ ਪ੍ਰਕਾਸ਼ ਦਾ, ਸਚੇ ਗਿਆਨ ਦੇ ਪ੍ਰਕਾਸ਼ ਦਾ ਦਿਹਾੜਾ ਹੈ । ਇਸ ਦਿਨ ਤੋਂ ਹੀ ਕੂੜ ਦੀ ਪਾਲ ਨੂੰ ਤੋੜ ਕੇ ਸਚ ਦੀ, ਸਚੇ ਗਿਆਨ ਦੀ ਪਹੁ ਫੁਟਣ ਲਗੀ ਹੈ । ਇਸ ਦਿਨ ਤੋਂ ਹੀ ਅਗਿਆਨ ਦੇ ਭਰਮ ਅੰਧੇਰੇ ਦੀ ਧੁੰਧ ਮਿਟਣ ਲਗੀ ਹੈ ਅਤੇ ਸਚੇ ਗਿਆਨ ਦਾ ਚਾਨਣ ਹੋਣ ਲਗਾ ਹੈ । ਖਾਸ ਉਹ ਦਿਨ ਤਾਂ ਵਿਸ਼ੇਸ਼ ਕਰਕੇ ਇਉਂ ਸੁਭਾਗਾ ਅਤੇ ਪੂਜਨੀਕ ਹੈ ਕਿ ਉਸ ਦਿਨ ਨਾਮ ਦਾ ਛੱਟਾ ਦੇ ਕੇ ਸੰਸਾਰ ਭਰ ਵਿਚ ਸਚਾ ਪ੍ਰਕਾਸ਼ ਕਰਨਹਾਰੀ 'ਅਕਾਲੀ ਮੂਰਤ' ਦਾ ਆਪਣੀ ਜਗਮਗ ਜੋਤ ਵਿਚ ਜਗਦੇ ਪ੍ਰਕਾਸ਼ ਸਰੂਪ ਸਚੇ ਸੂਰਜ ਦਾ ਉਦੈ ਹੋਣਾ ਹੋਇਆ ਹੈ । ਜਿਸ ਸੂਰਜ ਰੂਪੀ ਸੋਮੇ ਤੋਂ ਨਿਕਸ ਕੇ ਪ੍ਰਕਾਸ਼ੀ ਨਾਮ ਰੂਪੀ ਕਿਰਨ ਦਾ ਉਜਿਆਰਾ (ਚਾਨਣਾ) ਹੀ ਕੋਟ ਸੂਰਜਾਂ ਦੇ ਉਜਿਆਰੇ ਸਮ ਹੈ । ਤਾਂ ਉਸ ਸੋਮੇ ਸਰੂਪ ਸਚੇ ਸੂਰਜ ਦੇ ਉਜਿਆਰੇ ਦੀ ਸੋਭਾ ਤਾਂ ਕੇਤਕ ਵਰਨਣ ਹੋ ਸਕਦੀ ਹੈ । ਕੋਟਾਨ ਕੋਟ ਸੂਰਜ ਦਾ ਚੜ੍ਹਨਾ ਗੁਰੂ ਰੂਪੀ ਸਚੇ ਸੂਰਜ ਦੇ ਪ੍ਰਕਾਸ਼ (ਉਦੇ ਹੋਣ) ਦੇ ਸਾਹਮਣੇ ਸਚ ਮੁਚ ਤੁਛ ਮਾਤਰ ਹੈ ਜਿਹਾ ਕਿ ਇਹ ਵਾਕ ਭੀ ਪ੍ਰੋੜਤਾ ਕਰਦਾ ਹੈ । ਯਥਾ:—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥

'ਸਉ' ਅਤੇ 'ਹਜ਼ਾਰ' ਦੇ ਪਦਾਂ ਤੋਂ ਭਾਵ ਅਣਗਿਣਤ ਦਾ ਹੈ । ਜਦ ਕਿ ਗੁਰੂ ਬਿਹੂਣ ਅਣਗਿਣਤ



www.AKJ.Org

ਸੂਰਜਾਂ ਦੇ ਹੁੰਦਿਆਂ ਭੀ ਘੋਰ ਅੰਧਾਰ ਹੀ ਰਹਿੰਦਾ ਹੈ। ਤਦ ਇਸ ਭਵਿ ਭੂਮੀ ਉਤੇ ਇਕ ਸੂਰਜ ਦੇ ਹੁੰਦਿਆਂ ਪਰ ਗੁਰੂ ਬਿਹੂਣ ਕਿਤਨਾ ਕੁ ਘੋਰ ਅੰਧਾਰ ਹੋਵੇਗਾ। ਗੁਰੂ ਦੇ ਪ੍ਰਗਟ ਹੋਣ ਤੋਂ ਪਹਿਲਾਂ ਇਸ ਭਵਭੂਮੀ ਉਤੇ ਮਹਾਂ ਘੋਰ ਗੁਬਾਰ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ ਹੋ ਸਕਦਾ, ਪਰ ਜਿਸ ਸਚੇ ਸੂਰਜ ਦੇ ਲਵੇ ਕੋਟ ਸੂਰਜ ਭੀ ਨਹੀਂ ਲਗਦੇ, ਤਿਸ ਸਚੇ ਪ੍ਰਕਾਸ਼ ਦੇ ਸੋਮੇਂ ਗੁਰੂ ਰੂਪੀ ਸਚੇ ਸੂਰਜ ਦੇ ਪ੍ਰਗਟ ਹੋਣ ਪਰ ਇਸ ਭਵ ਭੂਮੀ ਉਤੇ ਕਿਤਨਾ ਕੁ ਚਾਨਣ ਹੋਇਆ ਹੋਊ। ਸਚ ਮੁਚ ਧੁੰਧ ਗੁਬਾਰ ਅਤੇ ਘੋਰ ਅੰਧਾਰ ਨਿਰਮਲ ਉਜਿਆਰਾ ਅਤੇ ਜਗਤ ਭਰ ਵਿਖੇ ਦਿਬ ਅਤੇ ਦੈਵੀ ਚਾਨਣੇ ਵਰਤ ਗਿਆ ਹੋਊ। ਕੀ ਇਸ ਮਹਾਂਵਾਕ ਦੀ ਸਚਿਆਈ ਉਤੇ ਉਪਜ ਸਕਦਾ ਹੈ ਕਿ—

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧ ਜਗਿ ਚਾਨਣ ਹੋਆ।

ਅਜੇਹੇ ਸਚੇ ਸਤਿਗੁਰੂ ਦੀ ਯਾਦਗਾਰ ਵਿਚ ਗੁਰਪੁਰਬ ਕਿਉਂ ਨਾ ਮਨਾਏ ਜਾਵਣ। ਇਸ ਯਾਦਗਾਰ ਵਿਚ ਗੁਰਪੁਰਬ ਮਨਾਵਣ ਦਾ ਅਮਲੀ ਅਤੇ ਮੁਖ ਮਨੋਰਥ ਕੀ ਹੈ? ਆਉ ਜ਼ਰਾ ਮਿਲ ਕੇ ਵਿਚਾਰੀਏ। ਸਤਿਗੁਰ ਨਾਨਕ ਦੇਵ ਜੀ ਦੇ ਪ੍ਰਗਟਣ ਦਾ ਪਰਮ ਪ੍ਰਯੋਜਨ ਜੋ ਹੈ ਸੀ ਸੋਈ ਅਸਾਡੇ ਪੁਰਬ ਮਨਾਵਣ ਦਾ ਮੁਖ ਮੰਤਵ ਹੋਣਾ ਚਾਹੀਦਾ ਹੈ। ਆਉ ਜ਼ਰਾ ਵੀਚਾਰੀਏ ਕਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਤਾਂ ਕਿਸ ਕਾਰਨ ਆਏ? ਕੀ ਉਹਨਾਂ ਦਾ ਆਵਣਾ ਚੁਰਾਸੀ ਦੇ ਆਮ ਜੀਵਾਂ ਵਤ ਸੀ? ਕੀ ਉਹਨਾਂ ਦਾ ਅਵਤਾਰ ਧਾਰਨ ਕਰਨਾ ਆਮ ਅਵਤਾਰਾਂ ਵਤ ਸੀ? ਨਹੀਂ! ਹਰਗਿਜ਼ ਨਹੀਂ!! ਸਤਿਗੁਰ ਨਾਨਕ ਦੇਵ ਦੇ ਅਵਤਾਰ ਧਾਰਨ ਦੇ ਪ੍ਰਯੋਜਨ ਦੀ ਅਲੌਕਿਕਤਾ ਅਤੇ ਵਿਲੱਖਨਤਾ ਹੇਠ ਲਿਖਿਆ ਗੁਰਵਾਕ ਇਸ ਬਿਧ ਗਾਉਂ ਨਿਰਪੂਨ ਕਰਾਉਂਦਾ ਹੈ। ਯਥਾ:—

ਜਨਮ ਮਰਣ ਦੁਹਹੂ ਮਹਿ ਨਾਹੀ,
ਜਨ ਪਰ ਉਪਕਾਰੀ ਆਏ ॥
ਜੀਅ ਦਾਨ ਦੇ ਭਗਤੀ ਲਾਇਨ,
ਹਰਿ ਸਿਉ ਲੈਨਿ ਮਿਲਾਏ ॥

ਆਮ ਅਵਤਾਰਾਂ ਵਤ ਗੁਰੂ ਜੀ ਨਿਜ ਦੇ ਬਖੇੜਿਆਂ ਅਥਵਾ ਮਨ ਮੰਨੀ ਚਸਕੇ ਬਾਜ਼ੀਆਂ ਹਿਤ ਜੁਧ ਜੰਗ ਦੇ ਦੰਗਲ ਦੁਗਾੜੇ ਅਥਵਾ ਰਾਸ ਲੀਲਾ ਦੇ ਮੰਗਲ ਅਖਾੜੇ ਰਚਨ ਨਹੀਂ ਸਨ ਆਏ, ਨਾ ਹੀ ਹੋਰ ਆਚਾਰਯਾਂ ਤੇ ਸੁਧਾਰਕਾਂ ਦੀ ਨਿਆਈਂ ਆਪਣੇ ਨਾਮ ਨੂੰ ਨਸ਼ਰ ਪ੍ਰਸਿੱਧ ਕਰਨ ਆਏ ਸਨ। ਸਤਿਗੁਰੂ ਨਾਨਕ ਦੇਵ ਜੀ ਆਏ ਤਾਂ 'ਪਰ ਉਪਕਾਰੀ ਆਏ' ਅਰਥਾਤ ਪਰਉਪਕਾਰ ਹਿਤ ਆਏ। ਪਰਉਪਕਾਰੀ ਭੀ ਕੇਹੜਾ! ਕਿ— 'ਜੀਅ ਦਾਨੁ ਦੇਹਿ ਭਗਤੀ ਲਾਇਨ ॥' ਨਾਮ ਰੂਪੀ ਸਚੇ ਧੰਨ ਦਾ ਸਚਾ ਆਤਮਿਕ ਦਾਨ ਦੇ ਕੇ ਸੰਸਾਰ ਭਰ ਦੇ ਪ੍ਰਾਣੀਆਂ ਨੂੰ ਭਗਤੀ ਵਿਖੇ ਲਾਵਣਾ ਗੁਰੂ ਜੀ ਦਾ ਪਰਉਪਕਾਰ ਸੀ। ਵਾਹ! ਕਿਆ ਸੋਹਣਾ ਪਰਮ ਪਵਿਤਰ ਅਤੀ ਅਲੌਕਿਕ ਪਰਉਪਕਾਰ ਹੈ। ਏਹ ਗੁਰਮਤ ਪਰਉਪਕਾਰ ਦਾ ਸਚਾ ਸਰੂਪ ਹੈ। 'ਦਾਨ ਭੀ ਜੀਅ ਦਾਨੁ' ਨਾਮ ਰੂਪੀ ਸਚੇ ਧਨ ਦਾ ਅਖੁਟ ਆਤਮਿਕ ਦਾਨ ਲੋਕ ਪ੍ਰਲੋਕ ਵਿਖੇ ਸੰਗ ਸਾਥ ਨਿਭਣ ਵਾਲਾ ਪਰਮਾਰਥੀ ਦਾਨ। ਜੈਸਾ ਕਿ—

ਇਹ ਹਰਿ ਧਨ ਜੀਐ ਸੇਤੀ,
ਰਵਿ ਰਹਿਆ ਜੀਐ ਨਾਲੇ ਜਾਇ।

ਗੁਰਵਾਕ ਦੇ ਆਸ਼ੇ ਤੋਂ ਸਿੱਧ ਹੈ। ਇਸ ਦੈਵੀ ਦਾਨ ਭਗਤੀ ਦੇ ਪਰੇਮ ਰਸ ਵਿਚ ਪਾਗ ਕੇ ਪ੍ਰਾਣੀਆਂ ਦਾ ਉਧਾਰ ਕਰਨ ਦੇ ਕਾਰਨ ਗੁਰੂ ਜੀ ਦਾ ਪਰਉਪਕਾਰ ਇਕ ਪਰਮ ਸਰੇਸ਼ਟ ਅਤੇ ਸਰਬੋਤਮ ਪਰਉਪਕਾਰ ਹੈ; ਜੇਹੜਾ ਕਿ ਕਿਸੇ ਪੀਰ ਪੈਗੰਬਰ, ਵਲੀ, ਔਲੀਏ ਅਥਵਾ ਅਵਤਾਰ ਤੋਂ ਨਹੀਂ ਬਣ ਆਇਆ। ਜੇ ਕੋਈ ਕਹੇ ਕਿ 'ਜੀਅ ਦਾਨੁ ਦੇ ਭਗਤੀ ਲਾਇਨਿ' ਰੂਪੀ ਪਰਉਪਕਾਰ ਤੋਂ ਪਰਾਨੀਆਂ ਨੂੰ ਗੁਰੂ ਜੀ ਨੇ ਪ੍ਰਾਪਤ ਕੀ ਕਰਾਇਆ? ਤਾਂ 'ਹਰਿ ਸਿਉਂ ਲੈਨਿ ਮਿਲਾਏ' ਦਾ ਅਗਲੇਰਾ ਪਦਾ ਦਸਦਾ ਹੈ ਕਿ ਉਕਤ ਪ੍ਰੇਮਾ ਭਗਤੀ ਰੂਪੀ ਪਰਉਪਕਾਰ ਦੁਆਰਾ ਗੁਰੂ ਜੀ ਨੇ ਪਰਮੇਸ਼ਰ ਪਰਾਪਤੀ ਦੀ ਪਰਮ ਪਦਵੀ ਨੂੰ ਪੁਚਾਇਆ ਇਸ ਪਰਮ ਪਦ ਦਾ ਪਰਾਣੀਆਂ ਪਰਤੀ ਪਰਕਾਸ਼ਣਾ ਅਰਥਾਤ ਪਰਾਪਤ ਕਰਾਵਣਾ ਹੀ ਸ੍ਰੀ ਸਤਿਗੁਰੂ ਜੀ ਦੇ ਅਵਤਾਰ ਧਾਰਨ ਦਾ ਪਰਮ ਪ੍ਰਯੋਜਨ ਸੀ। ਸੋ ਅਸਾਡੇ


www.AKJ.Org

ਗੁਰਪੁਰਬ ਮਨਾਵਣ ਦਾ ਮੁਖ ਮਨੋਰਥ ਭੀ ਏਹੋ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਜੀ ਦੇ ਆਗਮਨ ਦੇ ਪਰਮ ਪ੍ਰਯੋਜਨ ਨੂੰ ਪਰੇਮ ਪੂਰਬਕ ਯਾਦ ਕਰਦੇ ਹੋਏ ਪਰੇਮਾ ਭਗਤੀ ਵਿਖੇ ਲੀਨ ਹੋਈਏ ਤਾਂ ਕਿ ਹਰਿ ਪ੍ਰੀਤਮ ਦੇ ਮਿਲਾਪ ਦੇ ਪਰਮ ਪਦ ਦੀ ਪ੍ਰਾਪਤੀ ਹੋਵੇ। ਬਸ ਗੁਰਾਂ ਦੇ ਪਾਏ ਇਨ੍ਹਾਂ ਪਰਮਾਰਥੀ ਪੂਰਨਿਆਂ ਅਨੁਸਾਰ ਪ੍ਰਸਪਰ ਮਿਲ ਕੇ ਪਰੇਮ ਕਰਨਾ ਗੁਰਪੁਰਬ ਮਨਾਵਣ ਦਾ ਅਸਲ ਅਤੇ ਪੂਰਨ ਤਾਤ ਪਰਯ ਹੈ। ਇਸ ਬਿਧ ਭਾਉ ਭਗਤੀ ਸਹਿਤ ਹੀ ਗੁਰਸਿਖਾਂ ਦਾ ਗੁਰਪੁਰਬ ਮਨਾਵਣਾ ਲੇਖੇ ਪੈਂਦਾ ਹੈ। ਤਦੇ ਹੀ ਤਾਂ ਭਾਈ ਗੁਰਦਾਸ ਜੀ ਨੇ ਗੁਰਪੁਰਬ ਮਨਾਵਣਹਾਰਿਆਂ ਦੀ ਮਹਿਮਾ ਵਰਨਣ ਕੀਤੀ ਹੈ ਕਿ 'ਕੁਰਬਾਣੀ ਤਿਨਾਂ ਗੁਰਸਿਖਾ ਭਾਇ ਭਗਤ ਗੁਰਪੁਰਬ ਕਰੰਦੇ।'

ਬਸ, ਭਾਉ ਭਗਤੀ ਦੇ ਰੰਗ ਵਿਚ ਮਾਣਿਆ ਗੁਰਪੁਰਬ ਹੀ ਪਰਵਾਨ ਪੈਂਦਾ ਹੈ, ਪਰੰਤੂ ਪੁਰਬ ਮਨਾਵਣ ਦਾ ਆਮ ਰਿਵਾਜ ਦਸਦਾ ਹੈ ਕਿ ਗੁਰਪੁਰਬ ਇਸ ਮਨੋਰਥ ਲਈ ਨਹੀਂ ਮਨਾਏ ਜਾਂਦੇ। ਜੇ ਇਉਂ ਮਨਾਏ ਜਾਣ ਤਾਂ ਗੁਰਾਂ ਦੇ ਐਨ ਓਸੇ ਵਕਤ ਉਥੇ ਜੋਤ ਸਰੂਪੀ ਪਰਤੱਖ ਦਰਸ਼ਨ ਦਿਦਾਰੇ ਪਰਾਪਤ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ। ਜਿਸ ਜੋਤ ਨੂੰ ਜਗਾ ਕੇ ਅਤੇ ਜਿਸ ਦਿਬ ਸਰੂਪ ਨੂੰ ਧਾਰਨ ਕਰਕੇ ਗੁਰੂ ਜੀ ਜਗਤ ਉਤੇ ਪਰਗਟ ਹੋਏ ਸਨ। ਪਰੰਤੂ ਪ੍ਰਿਥਮ ਤਾਂ ਇਸ ਜੋਤ ਪਰਕਾਸ਼ੀ ਦਰਸ਼ਨ ਦੀ ਪਰਤੀਤ ਹੀ ਪਰਾਣੀਆਂ ਨੂੰ ਬਹੁਤ ਵਿਰਲੀ ਅਤੇ ਥੋਹੜੀ ਹੈ। ਇਸ ਪਰਤੀਤ ਬਿਹੂਣ ਪਰੇਮ ਨਹੀਂ ਉਪਜਦਾ। ਪਰੇਮ ਬਿਹੂਣ ਭਗਤੀ ਕਦ ਪਰਵਾਣ ਪੈ ਸਕਦੀ ਹੈ? ਇਸ ਪਰਤੀਤ ਸੰਯੁਕਤ ਭਾਉ ਭਗਤੀ ਕਰਨਾ ਅਤੇ ਗੁਰੂ ਦੇ ਗੁਣ ਗਾਵਣਾ ਹੀ ਥਾਉਂ ਪੈਂਦਾ ਹੈ। ਯਥਾ ਗੁਰਵਾਕ—

ਜਿਸਨੋ ਪਰਤੀਤ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨ॥ ਜੋ ਬਿਨ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਤਿਨਕਾ ਉਤਰਿ ਜਾਇਗਾ ਝੂਠ ਗੁਮਾਨੁ॥

ਜਿਨ੍ਹਾਂ ਨੂੰ ਦਰਸ਼ਨ ਦੀ ਪਰਤੀਤ ਹੀ ਨਹੀਂ, ਉਹਨਾਂ ਨੂੰ ਦਰਸ਼ਨ ਦੀ ਚਾਹ, ਦਰਸ਼ਨ ਦੀ ਸਿੱਕ ਭੀ ਨਹੀਂ, ਤਿਨ੍ਹਾਂ ਨੂੰ ਦਰਸ਼ਨ ਦੀ ਪ੍ਰਾਪਤੀ ਕਿਥੇ? ਤਿਨ੍ਹਾਂ ਦਾ ਗੁਰੂ ਗੁਣ ਗਾਵਣਾ ਭਾਉ ਭਗਤੀ ਕਮਾਵਣਾ ਅਤੇ ਗੁਰਪੁਰਬ ਮਨਾਵਣਾ ਕਿਸ ਲੇਖੇ? ਦਰਸ਼ਨ ਦੇ ਇਸ ਸਿੱਕ ਭਿੰਨੇ ਮਨੋਰਥ ਨੂੰ ਮੁਖ ਰਖੇ ਬਿਨਾਂ ਕਿਸੇ ਹੋਰ ਦੂਤੀ ਮਨੋਰਥ ਨੂੰ ਮੁਖ ਰਖ ਕੇ ਗੁਰਪੁਰਬ ਮਨਾਵਣਾ ਗੁਰੂ ਸੇਤੀ ਕਪਟ ਕਮਾਵਣਾ ਹੈ। ਕੀ ਇਹ ਕਪਟ ਨਹੀਂ? ਕਿ ਉਂਜ ਤਾਂ ਅਖੀਂ ਮੀਟ ਮੀਟ ਕੇ ਇਸ ਬਿਧ ਮਧੁਰ ਸੁਰ ਦੁਆਰਾ ਅਲਾਪਨ ਕੀਤਾ ਜਾਵੇ ਕਿ—

'ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗ ਚਾਨਣ ਹੋਆ।'

ਪਰੰਤੂ ਗੁਰੂ ਦੇ ਜਗਤ ਵਿਖੇ ਚਾਨਣਾ ਕਰਨ ਵਾਲੇ ਦਰਸ਼ਨ, ਗੁਰੂ ਦੇ ਧੁੰਦ ਮਿਟਾਵਣ ਵਾਲੇ ਦਰਸ਼ਨ ਦੀ ਸਿੱਕ ਭਿੰਨੀ ਪਰਤੀਤ ਭੀ ਨਾ ਉਪਜੀ ਹੋਵੇ। ਗੁਰਬਾਣੀ ਗਾਵਣਾ ਗੁਣੀ ਦਾ ਗੁਣਾਨਵਾਦ ਕਰਨਾ ਹੈ। ਗੁਣ ਅਤੇ ਗੁਣੀ ਵਿਚ ਭੇਦ ਨਹੀਂ। ਭੇਦ ਹੈ ਤਾਂ ਗੁਣਾਨਵਾਦ ਕਰਨਹਾਰੇ ਦੀ ਬਿਰਤੀ ਕਰਕੇ ਹੈ। ਜੇ ਬਿਰਤੀ ਗੁਣਾਂ ਵਿਚ ਲੀਨ ਨਹੀਂ ਹੋਈ ਤਾਂ ਗੁਣੀ ਦੇ ਸਰੂਪ ਦੀ ਲਖਤਾ ਕਿਥੋਂ? ਪਰੰਤੂ ਗੁਣ ਗਾਇਨ ਦੁਆਰਾ ਹੀ ਓੜਕ ਬਿਰਤੀ ਦੀ ਲੀਨਤਾ ਅਤੇ ਗੁਣੀ ਦੀ ਲਖਤਾ ਹੀ ਸੰਭਵ ਹੈ। ਏਹੋ ਤਾਂ ਗੁਰਬਾਣੀ ਅੰਦਰ ਚੁੰਬਕ ਸ਼ਕਤੀ ਵਾਲਾ ਅਸਰ ਹੈ। ਤਦੇ ਹੀ ਤਾਂ ਕਲੀ ਕਾਲ ਵਿਖੇ ਕੀਰਤਨ ਪਰਧਾਨ ਰਖਿਆ ਗਿਆ ਹੈ ਅਤੇ ਏਸੇ ਕਰਕੇ ਹੀ ਗੁਰੂ ਵਲੋਂ ਗੁਰਸਿਖਾਂ ਪ੍ਰਤੀ ਇਹ ਹੁਕਮ ਹੈ ਕਿ—

ਗੁਰਬਾਣੀ ਗਾਵਹੁ ਭਾਈ॥
ਓਹ ਸਫਲ ਸਦਾ ਸੁਖਦਾਈ॥

ਗੁਰਬਾਣੀ ਦਾ ਗਾਵਣਾ ਤਾਂ ਹਰ ਹਾਲਤ ਵਿਚ ਸਫਲ ਸੁਖਦਾਇਕ ਹੈ। ਇਸ ਨੇ ਓੜਕ ਨੂੰ ਫਲਦਾਇਕ ਜ਼ਰੂਰ ਹੋਣਾ ਹੈ। ਆਹਲੀ ਕਦੇ ਨਹੀਂ ਜਾਣਾ। ਪਰ ਏਤਨਾ ਵਿਚਾਰ ਲੈਣਾ ਤਾਂ ਅਸਾਡਾ ਆਪਣਾ ਧਰਮ ਹੈ ਕਿ ਜਿਨ੍ਹਾਂ ਗੁਣਾਂ ਨੂੰ ਗੁਰਬਾਣੀ


www.AKJ.Org

ਗਾਉਂਦੀ ਹੈ, ਉਹ ਗੁਣ ਗੁਣੀ ਪਰਮਾਤਮਾ ਦੇ ਹਨ। ਤਿਸ ਗੁਣੀ ਨੂੰ ਮੁਖ ਰਖ ਕੇ ਗੁਣ ਗਾਵਣਾ ਹੀ ਗੁਣਕਾਰੀ ਹੈ। ਗੁਰਬਾਣੀ ਗਾਉਣ ਲਗੇ ਗੁਣਾਂ ਵਲ ਬਿਰਤੀ ਨਾ ਦੇਣਾ, ਗੁਣੀ ਦੇ ਗੁਣਾਂ ਨੂੰ ਕਥਾਉਂ ਘਟਾਉਣਾ ਹੈ। ਗੁਰਬਾਣੀ ਗਾਉਂਦੇ ਹੋਏ ਬਿਰਤੀ ਨੂੰ ਗੁਰਬਾਣੀ ਵਿਚ ਨਾ ਰਖਣਾ ਦਸਦਾ ਹੈ ਕਿ ਅਸਾਡੀ ਬਿਰਤੀ ਦੇ ਸਨਮੁਖ ਕੋਈ ਹੋਰ ਸਰੂਪ ਹੈ ਜੋ ਗੁਣੀ ਦੇ ਸਰੂਪ ਤੋਂ ਭਿੰਨ ਹੈ। ਇਹ ਗੁਣੀ ਦੀ ਅਨਿੰਨ ਉਪਾਸ਼ਨਾ ਨਹੀਂ, ਸਗੋਂ ਦੁਰੰਗੀ, ਦੁਚਿਤੀ, ਦੁਬਾਜਰੀ, ਦੁਤੀਏ ਭਾਵ ਦੇ ਮੇਲ ਮਿੱਸ ਵਾਲੀ ਪਾਜਲ ਉਪਾਸ਼ਨਾ ਹੈ। ਗੁਰੂ ਦੀ ਅਨਿੰਨ ਭਗਤੀ, ਸਚੀ ਪਰੇਮਾ ਭਗਤੀ ਨਹੀਂ। ਤਦ ਦਰਸ਼ਨ ਦਾ ਚਮਤਕਾਰ ਕਿਉਂਕਰ ਪਰਾਪਤ ਹੋਵੇ? ਗੁਰ ਦਰਸ਼ਨ ਦੀ ਪਰਾਪਤੀ ਨੂੰ ਪਰਤੀਤ ਸੰਯੁਕਤ ਅਤੇ ਸਿੱਕ ਪੂਰਬਕ ਗੁਰਬਾਣੀ ਅਤੇ ਨਾਮ ਸੰਗ ਇਕ-ਤਾਰ ਜੁਟੇ ਹੀ ਰਹਿਣਾ ਜੋਤ ਸਰੂਪੀ ਦਿਬ ਜੋਤ ਦੇ ਦਰਸ਼ਨਾਂ ਦੇ ਪਰਾਪਤ ਕਰਾਵਣ ਨੂੰ ਅਵੱਸ਼ ਸਮਰਥ ਹੈ ਜੋ ਸਦੀਵੀ ਸੁਆਸ ਸੁਆਸ ਨਾਮ ਜਪਦੇ ਹਨ, ਤਿਨ੍ਹਾਂ ਦੇ ਘਟ ਵਿਖੇ ਤਾਂ ਗੁਰੂ ਜੀ ਜਾਗਤ ਜੋਤ ਹਰ ਦਮ ਹੀ ਜਾਗਦੀ ਹੈ। ਉਹ ਹਰ ਦਮ ਸਰਬ ਸਮੇਂ ਸਰਬ ਥਾਂ ਹੀ ਦਰਸ਼ਨਾਂ ਦੀ ਮਸਤੀ ਵਿਚ ਮਸਤ ਹਨ ਅਤੇ ਨਾਮ ਦੇ ਰੰਗ ਵਿਚ ਰੰਗੇ ਜਾ ਕੇ ਨਾਮੀ ਨਾਲ ਅਭੇਦ ਰੂਪ ਹੋ ਰਹੇ ਹਨ। ਪ੍ਰੀਤਮ ਦੇ ਪ੍ਰਕਾਸ਼ ਪਰਤਵ ਪ੍ਰਭਾਵ ਅਤੇ ਪ੍ਰਕਾਸ਼ ਦੀ ਜੋਤ ਦੇ ਪ੍ਰਤਾਪ ਕਰਕੇ ਜੋਤਿ ਰਸ ਭਿੰਨੇ ਅਤੇ ਦਰਸ-ਜੋਤ ਭਿੰਨੜੇ ਲੋਇਣਾਂ ਅਗੇ ਉਜਿਆਰਾ ਹੀ ਉਜਿਆਰਾ ਹੈ। ਬਾਣੀ ਤੇ ਨਾਮ ਨਾਲ ਨੇਹੁ ਜੋੜਨ ਨਾਲ ਜੋਤ ਦੀ ਕਿਰਣ ਪ੍ਰਕਾਸ਼ ਪੈਂਦੀ ਹੈ ਅਤੇ ਫੇਰ ਜਿਉਂ ਏਹ ਨੇਹੁ ਵਧਦਾ ਜਾਂਦਾ ਹੈ ਤਿਉਂ ੨ ਜੋਤ ਵੀ ਪਸਰਦੀ ਜਾਂਦੀ ਹੈ। ਇਸ ਬਿਧ ਨਾਮ ਦੀ ਲਾਗ ਲਾ ਕੇ ਜੋਤ ਸਰੂਪ ਸਤਿਗੁਰ ਨੇ ਅਨੇਕਾਂ ਪ੍ਰਾਣੀਆਂ ਨੂੰ ਸੱਚੀ ਪ੍ਰਕਾਸ਼ ਸਰੂਪ ਜੋਤ ਦਾ ਉਜਿਆਰਾ ਬਖਸ਼ਿਆ ਅਤੇ ਹੁਣ ਭੀ ਬਖਸ਼ਣਹਾਰ ਹੈ। ਅਗਾਹਾਂ ਨੂੰ ਭੀ ਬਖਸ਼ਣ ਜੋਗ ਹੈ, ਉਸ ਦਾ ਉਸ ਸਚੇ ਪ੍ਰਕਾਸ਼ ਦਾ ਜਿਨ੍ਹਾਂ ਨੂੰ ਉਜਿਆਰਾ ਨਹੀਂ ਹੋਇਆ, ਓਹ ਗੁਰਪੁਰਬ ਦੇ ਦਿਹਾੜੇ ਤਾਂ ਜੋਤ ਦਾ ਸਚਾ ਰੰਗ, ਮਜੀਠੀ ਰੰਗ ਚਾੜ੍ਹ ਲੈਣ। ਚਾੜ੍ਹਣ ਦਾ ਹੀਲਾ ਕਰ ਕੇ ਹੀ ਦੇਖ ਲੈਣ। ਹੋਰ ਨਹੀਂ ਤਾਂ ਨਾਮ ਨਾਲ ਹੀ ਨੇਹੁ ਲਾ ਕੇ ਪਰਤਿਆ ਲੈਣ, ਪਰ ਨਾਮ ਨਾਲ ਜੁਟਣ ਤੋਂ ਪਹਿਲਾਂ ਵਿਚਾਰ ਕੇ ਏਹ ਭੀ ਦੇਖ ਲੈਣ ਕਿ ਅਜੇਹੇ ਦੈਵੀ ਦਰਸ਼ਨਾਂ ਦੇ ਤਾਈਂ ਇਕ ਵਾਰ ਆਪਾ ਅਰਪਣਾ ਜ਼ਰੂਰ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਗੁਰਮੁਖ ਪਿਆਰਿਆਂ ਅਤੇ ਭਾਣੇ ਅੰਦਰ ਆਇਆਂ ਨਾਮ ਦੇ ਸੇਵਨਹਾਰੇ ਸਿਖ ਸੇਵਕਾਂ ਨੂੰ ਸਾਂਵੇ ਹੀ ਪ੍ਰਗਟ ਹਨ। ਗੁਰਪੁਰਬ ਦਾ ਦਿਨ ਤਾਂ ਤਿਨ੍ਹਾਂ ਸੁਹਾਗਵੰਤੇ ਸੁਰਜਨਾਂ ਦੇ ਸਮੀਪੀ ਮਿਲਾਪ ਦਾ ਦਿਹਾੜਾ ਹੈ ਜੋ ਭਾਉ ਭਗੌਤੀ ਦੇ ਵਿਚ ਗੀਧੇ ਹੋਏ ਸਤਿਗੁਰੂ ਨਾਨਕ ਦੇਵ ਦੇ ਓਸ ਦੈਵੀ ਦਰਸ਼ਨ ਨੂੰ ਸਿੱਕਾਂ ਭਰੀ ਲਿਵਤਾਰ ਸਹਿਤ ਲੋਚ ਰਹੇ ਹਨ। ਜਿਸ ਦਮਕਦੇ ਦਰਸ਼ਨ ਦੇ ਸਰੂਪ ਵਿਚ ਗੁਰੂ ਜੀ ਦੀ ਦਿੱਬ ਜੋਤਿ ਅਜ ਦੇ ਦਿਨ ਭਵਿ ਭੂਮੀ ਵਿਖੇ ਅਵਤਰੀ ਸੀ। ਜਿਸ ਦੇ ਝਲਕਾਰ ਨੇ ਬਿਜਲੀ ਵਾਲਾ ਚਮਤਕਾਰ ਸੂਰਜ ਮੁਖ ਫੁਲ ਵਤ ਪ੍ਰਕਾਸ਼ ਦੇ ਦਰਸ਼ਨ ਅਧਿਕਾਰੀ ਪਰੇਮੀਆਂ ਨੂੰ ਇਕ ਵਾਰ ਫਿਰ ਨਿਖਰਵਾਂ ਕਰਕੇ ਅਤੇ ਨਿਖਾਰ ਕੇ ਦਿਖਾ ਦੇਣਾ ਹੈ। ਪਰੰਤੂ ਤਿਮਰ ਅਗਿਆਨੀ ਦੀ ਘੁਗੂ ਦਰਿਸ਼ਟੀ ਨੇ ਅਗੇ ਵਾਂਗੂੰ ਚੁੰਧਿਆ ਜਾਣਾ ਹੈ ਅਤੇ ਚੁੰਧਿਆਏ ਹੀ ਰਹਿਣਾ ਹੈ।

---

# ਅਖੰਡ ਪਾਠ ਸਮਾਗਮ

ਸਰਬੱਤ ਗੁਰ ਸੰਗਤਾਂ ਦੀ ਸੇਵਾ ਵਿਚ ਜੋਦੜੀ ਹੈ ਕਿ ਦਾਸ ਦੇ ਗ੍ਰਹਿ ਵਿਖੇ **10** ਜਨਵਰੀ **1970** ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਪ੍ਰਾਰੰਭ ਹੋਵੇਗਾ, ਜਿਸਦਾ ਭੋਗ **12** ਜਨਵਰੀ ਸੋਮਵਾਰ ਨੂੰ ਪਵੇਗਾ, ਉਪ੍ਰੰਤ **2** ਵਜੇ ਤਕ ਕੀਰਤਨ ਹੋਵੇਗਾ। ਇਸੇ ਦਿਨ ਰਾਤ ਨੂੰ **8** ਵਜੇ ਰੈਣ ਸਬਾਈ ਕੀਰਤਨ ਪ੍ਰਾਰੰਭ ਹੋਵੇਗਾ, ਤੇ **13** ਜਨਵਰੀ **8** ਵਜੇ ਸਵੇਰੇ ਪੂਰੀ ਸਮਾਪਤੀ ਹੋਵੇਗੀ, ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇ ਕੇ ਗੁਰੂ ਜਸ ਸਰਵਨ ਕਰਨ।

ਦਾਸ—ਅਵਤਾਰ ਸਿੰਘ, ਕੁਰਾਲਾ ਕਲਾਂ, ਡਾਕਖਾਨਾ ਖ਼ਾਸ, ਤਸੀਲ ਦਸੂਹਾ, ਜ਼ਿ: ਹੁਸ਼ਿਆਰਪੁਰ।



www.AKJ.Org

# ਗੁਰੂ ਨਾਨਕ ਸਾਹਿਬ ਦਾ ਪ੍ਰਚਾਰ-ਢੰਗ

( ਵਲੋਂ–ਬੀਬੀ ਕੁਲਦੀਪ ਕੌਰ ਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ )

ਬਾਬਾ ਆਦਮ ਦੇ ਵੇਲੇ ਤੋਂ ਹੀ ਮਨੁਖ ਉਤੇ ਸ਼ੈਤਾਨ ਦਾ ਜਾਦੂ ਵਧੇਰੇ ਚਲਦਾ ਆ ਰਿਹਾ ਹੈ ਅਤੇ ਮਾਨਵਤਾ ਨੂੰ ਪੈਰੀਂ ਰੋਲ ਕੇ ਮਨੁੱਖ ਹਉਮੈ ਦੀ ਬੇੜੀ ਵਿਚ ਸਵਾਰ ਹੋ ਭਵਸਾਗਰ ਦੇ ਅਰੁਕ ਤੂਫ਼ਾਨਾਂ ਦਾ ਟਾਕਰਾ ਕਰਦਾ ਹੋਇਆ ਇਹ ਸਮਝਦਾ ਆ ਰਿਹਾ ਹੈ ਕਿ ਉਸ ਜੇਹਾ ਹੋਰ ਕੋਈ ਨਹੀਂ । ਇਸੇ ਲਈ ਅਰੰਭ ਤੋਂ ਹੀ ਉਹ ਕੁਦਰਤ ਦੀਆਂ ਸ਼ਕਤੀਆਂ ਨੂੰ ਗੋਲ ਮੋਲ ਕਰ ਕੇ ਗੇਂਦ ਦੀ ਤਰ੍ਹਾਂ ਆਪਣੇ ਹੱਥਾਂ ਵਿਚ ਭੁੜਕਾਉਣ ਦੇ ਸੁਪਨੇ ਲੈਂਦਾ ਆ ਰਿਹਾ ਹੈ। ਇਸ ਹਉਮੈ ਗ੍ਰਸੇ ਮਨੁਖ ਨੂੰ ਭਵ ਸਾਗਰ ਦੀਆਂ ਘੁੰਮਣਘੇਰੀਆਂ ਵਿਚ ਆਉਣ ਤੋਂ ਬਚਾਉਣ ਲਈ ਲੋੜ ਹੁੰਦੀ ਹੈ ਕਿਸੇ ਪੱਥ ਪ੍ਰਦਰਸ਼ਕ ਦੀ, ਕਿਸੇ ਚਾਨਣ ਮੁਨਾਰੇ ਦੀ, ਜੋ ਸੱਚ-ਮਾਰਗ ਦੀ ਸੋਝੀ ਕਰਾਕੇ ਮਨੁਖਤਾ ਨੂੰ ਠੇਡੇ ਖਾਣੋਂ ਬਚਾ ਸਕੇ । ਇਸੇ ਮੁਢਲੀ ਲੋੜ ਨੂੰ ਪੂਰਾ ਕਰਨ ਲਈ ਸਮੇਂ ਸਮੇਂ ਸੰਸਾਰ ਵਿਚ ਪਰਚਾਰਕ ਉਪਜਦੇ ਰਹੇ ਅਤੇ ਆਵੱਸ਼ਕਤਾ ਅਨੁਸਾਰ ਮਨੁਖ ਦੀਆਂ ਅਗਿਆਨ ਤੇ ਜਹਾਲਤ ਭਰੀਆਂ ਘੋਰ ਕਾਲੀਆਂ ਰਾਤਾਂ ਵਿੱਚ ਸਚ ਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਨਾਲ ਜਗਮਗਾਹਟ ਲਿਆ ਕੇ ਉਸਨੂੰ ਸਿਧੇ ਰਾਹ ਪਾਉਣ ਦਾ ਯਤਨ ਕਰਦੇ ਰਹੇ । ਇਹ ਪਰਚਾਰਕ ਸੰਸਾਰ ਰੂਪੀ ਸਕੂਲ ਵਿਚ ਸਿਖਿਆ ਪ੍ਰਾਪਤ ਕਰ ਰਹੇ ਜੀਵ ਰੂਪੀ ਵਿਦਿਆਰਥੀਆਂ ਨੂੰ ਜੀਵਨ ਦੀਆਂ ਅਨੇਕਾਂ ਪ੍ਰੀਖਿਆਵਾਂ ਵਿਚੋਂ ਪਾਸ ਹੋਣ ਦਾ ਢੰਗ ਦਸਣ ਵਾਲੇ ਅਧਿਆਪਕ ਹੁੰਦੇ ਹਨ । ਗੁਰੂ ਨਾਨਕ ਦੇਵ ਜੀ ਅਜੇਹੇ ਹੀ ਇਕ ਪ੍ਰਚਾਰਕ ਅਰਥਾਤ ਮਨੁਖਤਾ ਦੇ ਅਧਿਆਪਕ ਬਣ ਕੇ ਸੰਸਾਰ ਵਿੱਚ ਆਏ ਅਤੇ ਉਹਨਾਂ ਨੇ ਇਸ ਕਰਤੱਵ ਨੂੰ ਪੂਰਾ ਕਰਨ ਲਈ ਹੀ ਜੀਵਨ ਭਰ ਘਾਲਣਾਂ ਘਾਲੀਆਂ ।

ਪਰਚਾਰਕ ਤਾਂ ਸੰਸਾਰ ਵਿਚ ਅਨੇਕਾਂ ਆਏ ਅਤੇ ਆਪਣੇ ਆਪਣੇ ਸਮੇਂ ਉਹਨਾਂ ਦੀ ਧਾਂਕ ਵੀ ਚੰਗੀ ਪੈਂਦੀ ਰਹੀ ਪਰ ਸਮਾਂ ਬੀਤਣ ਨਾਲ ਜ਼ਿੰਦਗੀ ਦੀਆਂ ਕੀਮਤਾਂ ਬਦਲਦੀਆਂ ਗਈਆਂ ਤਾਂ ਉਹਨਾਂ ਪਰਚਾਰਕਾਂ ਵਿਚੋਂ ਬਹੁਤ ਸਾਰਿਆਂ ਦੇ ਨਾ ਕੇਵਲ ਆਦਰਸ਼ ਹੀ ਖੋਖਲੇ ਦਿਸਦੇ ਸਗੋਂ ਉਹਨਾਂ ਆਦਰਸ਼ਾਂ ਦੇ ਪ੍ਰਚਾਰਨ ਦਾ ਢੰਗ ਵੀ ਬੜਾ ਹਾਸੋਹੀਣਾ ਜਾਪਣ ਲਗ ਪੈਂਦਾ । ਇਸੇ ਲਈ ਉਹਨਾਂ ਦੇ ਦਸੇ ਸਿਧਾਂਤ ਬੇਹੇ ਸਮਝ ਕੇ ਤਿਆਗ ਦਿਤੇ ਜਾਂਦੇ ਰਹੇ, ਪਰ ਗੁਰੂ ਨਾਨਕ ਇਕ ਅਜੇਹੇ ਪਰਚਾਰਕ ਸਨ ਜਿਨ੍ਹਾਂ ਦੇ ਆਦਰਸ਼ ਪੰਜ ਸੌ ਵਰ੍ਹੇ ਪੁਰਾਣੇ ਹੋਣ ਤੇ ਵੀ ਪੁਰਾਣੇ ਪ੍ਰਤੀਤ ਨਹੀਂ ਹੁੰਦੇ ਸਗੋਂ ਵਰਤਮਾਨ ਸਮੇਂ ਦੀਆਂ ਗੁੰਝਲਾਂ ਨੂੰ ਸੁਲਝਾਉਣ ਦਾ ਸਹੀ ਢੰਗ ਦਰਸਾਉਂਦੇ ਅਤੇ ਨਵੀਨ ਲੋੜਾਂ ਦੀ ਪੂਰਤੀ ਕਰਦੇ ਦਿਖਾਈ ਦੇਂਦੇ ਹਨ । ਅੱਜ ਸੰਸਾਰ ਦੀ ਜੋ ਦੁਰਦਸ਼ਾ ਹੋ ਰਹੀ ਹੈ ਉਸ ਵਿਚੋਂ ਬਚ ਨਿਕਲਣ ਦਾ ਜੇ ਕੋਈ ਸਾਧਨ ਨਜ਼ਰ ਆਉਂਦਾ ਹੈ ਤਾਂ ਉਹ ਗੁਰੂ ਨਾਨਕ ਜੀ ਦੀ ਬਾਣੀ ਵਿਚੋਂ ਹੀ ਲਭਦਾ ਹੈ । ਅੱਜ ਦੇ ਵਿਗਿਆਨਕ ਯੁਗ ਵਿਚ ਵੀ ਗੁਰੂ ਸਾਹਿਬ ਦੇ ਸਿਧਾਂਤਾਂ ਨੂੰ ਮੰਨਣ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ । ਇਸਦਾ ਕਾਰਨ ਇਹ ਹੈ ਕਿ ਆਪ ਦੀ ਬਾਣੀ ਵਿਚ ਜਿਥੇ ਸੰਸਾਰ ਦੀਆਂ ਉਹ ਸਦੀਵੀ ਕੀਮਤਾਂ ਮੌਜੂਦ ਹਨ ਜੋ ਆਪਣੀਆਂ ਠੰਢੀਆਂ, ਮਿਠੀਆਂ ਤੇ ਝਿਲਮਿਲਾਂਦੀਆਂ



www.AKJ.Org

ਰਿਸ਼ਮਾਂ ਨਾਲ ਮਾਨਵ-ਜੀਵਨ ਦੀ ਕਾਲੀ ਸ਼ਾਹ ਰਾਤ ਵਿਚੋਂ ਸੁਨਹਿਰੀ ਭਾਹ ਮਾਰਦੇ ਪਹੁ-ਫੁਟਾਲੇ ਨੂੰ ਜਨਮ ਦੇ ਸਕਦੀਆਂ ਹਨ, ਉਥੇ ਨਾਲ ਨਾਲ ਆਪ ਦੇ ਪਰਚਾਰ-ਢੰਗ ਵਿਚ ਨਵੀਨਤਾ ਦੇ ਮਨੋਵਿਗਿਆਨਕ ਅੰਸ਼ ਦੀ ਹੋਂਦ ਵੀ ਹੈ । ਵਿਗਿਆਨਕ ਯੁਗ ਵਿਚ ਪਲਿਆ ਮਨੁਖ ਦਲੀਲਾਂ ਬਿਨਾਂ ਕੋਈ ਗੱਲ ਵੀ ਸੁਣਨ ਲਈ ਤਿਆਰ ਨਹੀਂ ਹੁੰਦਾ ਅਤੇ ਗੁਰੂ ਨਾਨਕ ਸਾਹਿਬ ਨੇ ਦਲੀਲ ਬਿਨਾਂ ਕੋਈ ਗੱਲ ਕੀਤੀ ਹੀ ਨਹੀਂ, ਸਗੋਂ ਦਲੀਲਾਂ ਦੀ ਭਰਮਾਰ ਨਾਲ ਮਨੁਖ ਦੀ ਇਨੀ ਨਿਸ਼ਾ ਕਰ ਦੇਂਦੇ ਹਨ ਕਿ ਉਹ ਬੋਲਣ ਜੋਗਾ ਹੀ ਨਹੀਂ ਰਹਿੰਦਾ ਮਨੁਖ ਨੂੰ ਸੂਤਕ ਆਦਿ ਦੇ ਭਰਮ ਵਿਚੋਂ ਕੱਢਣ ਲਈ ਆਪ ਕਿੰਨੀ ਸੋਹਣੀ ਦਲੀਲ ਦੇਂਦੇ ਹਨ—

ਸੂਤਕ ਕਿਉ ਕਰਿ ਰਖੀਐ ਸੂਤਕ ਪਵੈ ਰਸੋਇ ।
ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ ।
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ ।
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ ।
ਨਾਨਕ ਸੂਤਕ ਏਵ ਨਾ ਉਤਰੈ
ਗਿਆਨ ਉਤਾਰੇ ਧੋਇ ।

ਪਹਿਲਾਂ ਆਪ ਨੇ ਉਦਾਹਰਣ ਦੇ ਦੇ ਕੇ ਮਨੁਖ ਨੂੰ ਸਮਝਾਇਆ ਹੈ ਕਿ ਜੀਵ ਤਾਂ ਹਰ ਥਾਂ ਹਰ ਸਮੇਂ ਜੰਮਦਾ ਮਰਦਾ ਹੀ ਰਹਿੰਦਾ ਹੈ। ਜੇ ਇਸ ਸੁਭਾਵਿਕ ਪ੍ਰਕ੍ਰਿਆ ਨਾਲ ਜੀਵਨ ਵਿਚ ਅਪਵਿਤ੍ਰਤਾ ਆ ਜਾਂਦੀ ਹੈ ਤਾਂ ਉਹ ਕਦੇ ਵੀ ਪਵਿਤ੍ਰ ਹੋਣ ਦੀ ਆਸ਼ਾ ਨਹੀਂ ਰੱਖ ਸਕਦਾ । ਫਿਰ ਅਜੇਹੀ ਅਖੌਤੀ ਅਪਵਿਤ੍ਰਤਾ ਬਾਰੇ ਵਹਿਮਾਂ ਭਰਮਾਂ ਦਾ ਕੀ ਅਰਥ ? ਪਰ ਜੇ ਮਨੁਖ ਦੇ ਅੰਦਰ ਪਵਿਤ੍ਰ ਹੋਣ ਤੇ ਅਪਵਿਤਰਤਾ ਦੂਰ ਕਰਨ ਦੀ ਅਭਿਲਾਸ਼ਾ ਸਚ ਮੁਚ ਹੀ ਪ੍ਰਬਲ ਰੂਪ ਵਿਚ ਵਿਦਮਾਨ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਹਿਰਦੇ ਦਾ ਅੰਧਕਾਰ ਮਿਟਾਉਣ ਲਈ ਗਿਆਨ ਦੀ ਪ੍ਰਾਪਤੀ ਕਰਨ ਦਾ ਉਪਰਾਲਾ ਕਰੇ ।

ਗੁਰੂ ਸਾਹਿਬ ਤੋਂ ਪਹਿਲਾਂ ਇਸਤਰੀ ਜਾਤੀ ਦੀ ਜਿਸ ਪ੍ਰਕਾਰ ਜੋ ਨਿਰਾਦਰੀ ਕੀਤੀ ਜਾਂਦੀ ਸੀ ਉਸ ਤੋਂ ਕੌਣ ਜਾਣੂ ਨਹੀਂ ? ਜਨ ਸਧਾਰਣ ਦੇ ਪਥ ਪ੍ਰਦਰਸ਼ਕ ਇਸਤਰੀ ਹੈ 'ਬਾਘਨਿ' ਆਖ ਕੇ ਮਰਦ ਨੂੰ ਸਦਾ ਹੀ ਇਸ ਤੋਂ ਦੂਰ ਰਹਿਣ ਦਾ ਉਪਦੇਸ਼ ਦੇਂਦੇ ਰਹੇ । ਪਰ ਕੀ ਇਸਤਰੀ ਹੀ ਸੱਚ ਮੁਚ ਹੀ 'ਬਾਘਨਿ' ਹੈ ? ਗੁਰੂ ਸਾਹਿਬ ਨੇ ਇਸਤਰੀ ਮਰਦ ਦੇ ਆਪਸੀ ਸੰਬੰਧਾਂ ਦਾ ਵਰਨਣ ਕਰਦਿਆਂ ਹੋਇਆਂ ਮਰਦ ਜਾਤੀ ਨੂੰ ਹਲੂਣਾ ਦੇ ਕੇ ਆਖਿਆ :

ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨਿ ।।

ਕਿਹੜਾ ਤਰਕਵਾਦੀ ਇਸ ਤਰਕ ਦਾ ਖੰਡਨ ਕਰਨ ਦਾ ਹੀਆ ਕਰ ਸਕਦਾ ਹੈ ?

ਇਕ ਸਫ਼ਲ ਪਰਚਾਰਕ ਮਨੁਖ ਦੀ ਮਨੋ-ਵਿਗਿਆਨਕ ਦਸ਼ਾ ਨੂੰ ਘੋਖਦਾ ਹੋਇਆ ਅਨੁਭਵ ਕਰ ਲੈਂਦਾ ਹੈ ਕਿ ਮਨੁਖ ਕਦੇ ਵੀ ਆਪਣੇ ਆਪ ਨੂੰ ਦੂਜੇ ਨਾਲੋਂ ਘਟੀਆ ਮੰਨਣ ਵਾਸਤੇ ਤਿਆਰ ਨਹੀਂ ਹੁੰਦਾ ਅਤੇ ਨਾ ਹੀ ਉਹ ਕਿਸੇ ਵਲੋਂ ਸਿਧੇ ਤੌਰ ਤੇ ਦਿਤੀ ਜਾ ਰਹੀ ਸਿਖਿਆ ਨੂੰ ਗ੍ਰਹਿਣ ਕਰਨ ਦਾ ਯਤਨ ਕਰਦਾ ਹੈ । ਇਸੇ ਲਈ ਗੁਰੂ ਨਾਨਕ ਸਾਹਿਬ ਨੇ ਕਿਧਰੇ ਵੀ ਆਪਣੇ ਆਪ ਨੂੰ ਜਨ ਸਾਧਾਰਣ ਨਾਲੋਂ ਵਡਾ ਦਰਸਾ ਕੇ ਵਿਚਾਰ ਨਹੀਂ ਪ੍ਰਗਟਾਏ ਅਤੇ ਨਾ ਹੀ ਸਾਫ਼ ਸ਼ਬਦਾਂ ਵਿਚ ਕਿਸੇ ਨੂੰ ਸਿਖਿਆ ਦਿਤੀ ਹੈ । ਆਪ ਜਾਣਦੇ ਸਨ ਕਿ ਸੱਚ ਕੌੜਾ ਹੁੰਦਾ ਹੈ । ਬੁਰੇ ਨੂੰ ਬੁਰਾ ਆਖੀਏ ਤਾਂ ਉਹ ਆਪਣੀ ਬੁਰਿਆਈ ਨੂੰ ਵੇਖ ਨਹੀਂ ਸਕਦਾ ਇਸੇ ਲਈ ਆਪ ਪਹਿਲਾਂ ਆਪਣੇ ਆਪ ਨੂੰ 'ਨਾਨਕ ਨੀਚ' 'ਸਗ' ਅਤੇ 'ਹਉ ਢਾਡੀ ਵੇਕਾਰ' ਕਹਿ ਕੇ ਪੁਕਾਰਦੇ ਹਨ ਅਤੇ ਫਿਰ ਸਜਣ ਠਗ ਵਰਗਿਆਂ ਨੂੰ ਸੰਬੋਧਨ ਕਰ ਕੇ ਇਸ ਤਰ੍ਹਾਂ ਆਖਦੇ ਹਨ—

ਸੱਜਣ ਸੇਈ ਨਾਲ ਮੈ ਚਲਦਿਆ ਨਾਲ ਚਲੰਨਿ ।

..................ਡੂਗਰ ਵਾਟ ਬਹੁਤ ।

ਅਖੀ ਲੋੜੀ ਨਾ ਲਹਾਂ ਹਉ ਚੜਿ ਲੰਘਾ ਕਿਤੁ ।

ਇਸ ਤਰ੍ਹਾਂ ਆਪ ਸੱਚ ਰੂਪੀ ਕੁਨੀਨ ਉਤੇ ਖੰਡ ਵਰਗੀ ਮਿਠਾਸ ਦਾ ਲੇਪ ਦੇ ਕੇ ਰੋਗ ਸਰਬਤ ਮਨੁਖ ਦਾ ਇਲਾਜ ਕਰਨ ਲਈ ਉਸਦੀ ਵਰਤੋਂ ਕਰਦੇ ਹਨ ।



www.AKJ.Org

ਨਵੀਨ ਯੁਗ ਵਿਚ ਨਿੰਮਰਤਾ ਅਤੇ ਮਿਠਾਸ ਪਰਚਾਰਕ ਲਈ ਦੋ ਜ਼ਰੂਰੀ ਗੁਣ ਮੰਨੇ ਗਏ ਹਨ ਅਤੇ ਗੁਰੂ ਨਾਨਕ ਸਾਹਿਬ ਵਿਚ ਇਹ ਗੁਣ ਮੌਜੂਦ ਹੀ ਨਹੀਂ ਸਨ ਸਗੋਂ ਉਹ ਤਾਂ ਆਪ ਇਹਨਾਂ ਦੋਹਾਂ ਦਾ ਮੂਲ ਸੋਮਾਂ ਸਨ।

ਯੋਰਪ ਦੇ ਇਕ ਵਿਦਵਾਨ ਕੁਇਨ ਟਿਲੀਅਨ ਨੇ ਇਕ ਸਫਲ ਪਰਚਾਰਕ ਦੇ ਢੰਗਾਂ ਦਾ ਵਰਨਣ ਕਰਦਿਆਂ ਹੋਇਆਂ ਦੱਸਿਆ ਸੀ ਕਿ ਪਰਚਾਰਕ ਨੂੰ ਦ੍ਰਿੜਤਾ ਤੋਂ ਕੰਮ ਲੈਣਾ ਚਾਹੀਦਾ ਹੈ ਕਠੋਰਤਾ ਤੋਂ ਨਹੀਂ। ਨਿਮ੍ਰਤਾ ਤੇ ਮਿਠਤ ਦੇ ਪੁੰਜ ਗੁਰੂ ਨਾਨਕ ਕੋਲੋਂ ਕਠੋਰਤਾ ਦੀ ਆਸ ਰਖਣੀ ਚਾਨਣ ਵਿਚੋਂ ਅਨ੍ਹੇਰਾ ਲੱਭਣ ਦੇ ਤੁੱਲ ਹੈ। ਅਤੇ ਦ੍ਰਿੜਤਾ? ਗੁਰੂ ਨਾਨਕ ਸਾਹਿਬ ਦੇ ਜੀਵਨ ਦਾ ਇਕ ਇਕ ਪਲ ਇਸਦਾ ਪ੍ਰਤੱਖ ਪ੍ਰਮਾਣ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:—

ਪਹਿਲਾਂ ਬਾਬੇ ਪਾਯਾ ਬਖਸਿ ਦਰ,
ਪਿਛੋਂ ਦੇ ਫਿਰ ਘਾਲ ਕਮਾਈ।
ਰੇਤ ਅੱਕ ਆਹਾਰ ਕਰ,
ਰੋੜਾਂ ਦੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪੱਸਿਆ,
ਬਡੇ ਭਾਗ ਹਰਿ ਸਿਉ ਬਨਿ ਆਈ।

ਕੀ ਦ੍ਰਿੜ੍ਹਤਾ ਬਿਨਾਂ ਅਜੇਹਾ ਜੀਵਨ ਜੀਵਿਆ ਜਾ ਸਕਦਾ ਹੈ? ਸਾਮ੍ਹਣੇ ਕੋਈ ਆਦਰਸ਼ ਹੋਵੇ ਤਾਂ ਵੀ ਅਜੇਹੀ ਭਾਰੀ ਤਪੱਸਿਆ ਹੋ ਸਕਦੀ ਹੈ ਜਿਸ ਦੇ ਆਸਰੇ ਹਰਿ ਸਿਉ ਬਣ ਆਵੈ। ਆਪ ਨੇ ਸੰਸਾਰ ਦੀ ਸਮੁਚੀ ਦਸ਼ਾ ਉਤੇ ਝਾਤੀ ਮਾਰੀ, ਆਗਿਆਨ ਦੇ ਹੜ੍ਹ ਵਿੱਚ ਰੁੜ੍ਹੀ ਜਾਂਦੀ ਲੁਕਾਈ ਨੂੰ ਤਕਿਆ, ਸਫਲ ਜੀਵਨ ਦਾ ਇਕ ਸੁਪਨਾ ਵੇਖਿਆ, ਇਸ ਸੁਪਨੇ ਨੂੰ ਸਾਕਾਰ ਕਰਨ ਦੇ ਸਾਧਨ ਸੋਚੇ ਅਤੇ ਫਿਰ ਦ੍ਰਿੜਤਾ ਨਾਲ ਉਨ੍ਹਾਂ ਸਾਧਨਾਂ ਦੀ ਵਰਤੋਂ ਕਰਦਿਆਂ ਹੋਇਆਂ 'ਚੜ੍ਹਿਆ ਸੋਧਨ ਧਰਤ ਲੁਕਾਈ।' ਉਹ ਜਿਸ ਆਦਰਸ਼ ਨੂੰ ਲੈ ਕੇ ਮੈਦਾਨ ਵਿਚ ਨਿਤਰੇ, ਉਸ ਆਦਰਸ਼ ਵਿਚ ਹੀ ਪਰਪੱਕ ਰਹੇ, ਜੋਗੀਆਂ ਤੇ ਸਿੱਧਾਂ ਨੇ ਆਪ ਨੂੰ ਆਪਣੇ ਵੱਲ ਖਿਚਣ ਦਾ ਅਤੁਟ ਯਤਨ ਕੀਤਾ ਪਰ ਆਪ ਜੀ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿਤੀ ਅਤੇ ਬੜੀ ਦ੍ਰਿੜਤਾ ਨਾਲ ਆਖਿਆ:-

ਗੁਰ ਸੰਗਤ ਬਾਣੀ ਬਿਨਾਂ,
ਦੂਜੀ ਓਟ ਨਹੀਂ ਹੈ ਰਾਈ।

ਕੁਇਨ ਟਿਲੀਅਨ ਫਿਰ ਕਹਿੰਦਾ ਹੈ ਕਿ ਇਕ ਸਫਲ ਪਰਚਾਰਕ ਨੂੰ ਲੋਕਾਂ ਕੋਲੋਂ ਬਹੁਤਾ ਕੁਝ ਕਰਵਾਉਣ ਦੇ ਯਤਨ ਨਹੀਂ ਕਰਨੇ ਚਾਹੀਦੇ ਅਰਥਾਤ ਉਸਦੀਆਂ ਮੰਗਾਂ ਬਹੁਤੀਆ ਵਡੀਆਂ ਨਹੀਂ ਹੋਣੀਆਂ ਚਾਹੀਦੀਆਂ। ਭਲਾ ਗੁਰੂ ਨਾਨਕ ਨੇ ਕੀ ਮੰਗਿਆ? ਕੋਈ ਕਠਿਨ ਮਾਰਗ ਨਹੀਂ ਦੱਸਿਆ। 'ਨਾਮ ਜਪੋ ਕਿਰਤ ਕਰੋ, ਵੰਡ ਛਕੋ, ਇਹ ਸੀ ਆਦਰਸ਼, ਜਗਤ ਗੁਰੂ, ਗੁਰੂ ਨਾਨਕ ਜੀ ਦਾ। ਇਸ ਆਦਰਸ਼ ਦੀ ਪੂਰਤੀ ਲਈ ਸੰਸਾਰ ਨੂੰ ਤਿਆਗਣ ਦੀ ਲੋੜ ਨਹੀਂ ਸਗੋਂ:-

ਹਸੰਦਿਆਂ, ਖੇਲਦਿਆਂ, ਖਾਵੰਦਿਆਂ,
ਪੈਨੰਦਿਆਂ ਵਿਚੇ ਹੋਵਹਿ ਮੁਕਤਿ।

ਹਾਲੀ ਹੈ ਤਾਂ ਹਲ ਵਾਹੇ, ਵਪਾਰੀ ਹੈ ਤਾਂ ਸੱਚਾ ਵਪਾਰ ਕਰੇ, ਰਾਜਾ ਹੈ ਪਰਜਾ ਦੀ ਭਲਾਈ ਲਈ ਰਾਜ ਕਰੇ, ਯੋਧਾ ਹੈ ਤਾਂ ਧਰਮ-ਯੁਧ ਵਿਚ ਸੂਰਬੀਰਤਾ ਪਿਆ ਵਖਾਵੇ। ਲੋੜ ਹੈ ਤਾਂ ਸਿਰਫ ਇਕ ਗੱਲ ਦੀ:

ਘਰ ਹੀ ਬੈਠਿਆ ਸਹੁ ਮਿਲੈ,
ਜੇ ਨੀਅਤਿ ਰਾਸਿ ਕਰੇਇ।

ਜੋਗੀ ਨੂੰ ਜੋਗ ਤੋਂ ਹਟਾਇਆ ਨਹੀਂ ਸਗੋਂ ਇਹ ਕਹਿ ਕੇ ਜੋਗ ਨੂੰ ਉਜਿਆਲਾ ਕਰ ਵਿਖਾਇਆ

ਜੋਗ ਨ ਖਿੰਥਾ, ਜੋਗ ਨ ਡੰਡੇ,
ਜੋਗ ਨਾ ਭਸਮ ਚੜ੍ਹਾਇਐ।
ਜੋਗ ਨਾ ਮੁੰਦੀ ਮੂੰਡਿ ਮੁਡਾਈਐ,
ਜੋਗੁ ਨਾ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨ ਰਹੀਐ,
ਜੋਗ ਜੁਗਤਿ ਇਵ ਪਾਈਐ।

ਮੁਸਲਮਾਨਾਂ ਨੂੰ ਇਸਲਾਮ ਦੇ ਵਿਰੁਧ ਸਿਖਿਆ ਨਹੀਂ ਦਿਤੀ ਸਗੋਂ ਸੱਚਾ ਮੁਸਲਮਾਨ ਬਣਨਾ ਸਿਖਾਇਆ। ਉਸ ਨੂੰ ਨਿਜ਼ਾਮਾਂ ਵਿਚ ਪਰਪੱਕ ਰਹਿਣ ਦੀ ਸਿਖਿਆ ਦਿਤੀ ਪਰ ਨਾਲ ਹੀ ਸਮਝਾਇਆ :-


www.AKJ.Org

ਕਰਣੀ ਕਾਬਾ ਸਚੁ ਪੀਰ,ਕਲਮਾ ਕਰਮਿ ਨਿਵਾਜ।
ਤਸਬੀ ਸਾ ਤਿਸ ਭਾਵਸੀ, ਨਾਨਕੁ ਰਖੈ ਲਾਜ।
ਸਰਮਿ ਸੁੰਨਤਿ ਸੀਲ ਰੋਜਾ ਹੁਹੁ ਮੁਸਲਮਾਨ।
ਪਹਿਲਾ ਸਚੁ ਹਲਾਲ ਦੁਇ, ਤੀਜਾ ਖੈਰ ਖੁਦਾਇ।
ਚੋਥੀ ਨੀਅਤਿ ਰਾਸ ਮਨਿ ਪੰਜਵੀ ਸਿਫਤ ਸਨਾਇ।

ਆਪ ਨੇ ਇਹ ਕਹਿ ਕੇ ਸਭ ਨੂੰ ਪ੍ਰਭਾਵਿਤ ਕੀਤਾ:

ਹਿੰਦੂ ਵਡਾ ਨ ਮੁਸਲਮਨੋਈ।
ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ।

ਇਕ ਹੋਰ ਵਿਦਵਾਨ ਈਲੀਅਟ ਦਾ ਕਹਿਣਾ ਹੈ ਕਿ ਰਾਗ ਦਾ ਆਸਰਾ ਲੈਕੇ ਕੀਤਾ ਗਿਆ ਪ੍ਰਚਾਰ ਸਦੀਵੀ ਹੁੰਦਾ ਹੈ, ਪਰ ਇਹ ਕੀ ਜਾਨਣ ਕਿ ਗੁਰੂ ਨਾਨਕ ਦੇਵ ਜੀ ਨੇ ਅਜ ਤੋਂ ਪੰਜ ਸੌ ਵਰ੍ਹੇ ਪਹਿਲਾਂ ਰਾਗ ਦੀ ਮਹੱਤਤਾ ਨੂੰ ਸਮਝ ਕੇ ਬਗ਼ਦਾਦ ਵਰਗੀ ਥਾਂ ਤੇ ਰਾਗ ਦੀ ਧੁਨੀ ਜਾ ਛੇੜੀ ਸੀ ਜਿਥੇ ਰਾਗ ਨੂੰ ਮੂਲੋਂ ਹੀ ਵਿਵਰਜਿਤ ਕਰਾਰ ਦਿਤਾ ਜਾ ਚੁਕਿਆ ਸੀ। ਰਾਗ ਹੀ ਤਾਂ ਸੀ ਜਿਸ ਨੇ ਮਰਦਾਨੇ ਨੂੰ ਆਪ ਦਾ ਪੱਕਾ ਸਾਥੀ ਬਣਾਈ ਰਖਿਆ। ਰਾਗ ਦੀ ਸਹਾਇਤਾ ਨਾਲ ਆਪ ਮਨੁਖ ਨੂੰ ਦੁਨੀਆਂ ਦੇ ਝੇੜਿਆਂ ਝਾਂਜਿਆਂ ਤੋਂ ਉੱਚਾ ਚੁਕ ਕੇ ਵਿਸਮਾਦ ਮੰਡਲਾਂ ਵਿਚ ਲੈ ਜਾਂਦੇ ਸਨ ਅਤੇ ਨਾਮ ਦੀ ਮਿਠੀ ਫੁਹਾਰ ਨਾਲ ਉਹਨਾਂ ਦੇ ਹਿਰਦੇ ਠੰਢ ਵਰਤਾਉਂਦੇ ਸਨ।

ਪਛਮੀ ਵਿਦਵਾਨਾਂ ਨੇ ਬਚਿਆਂ ਨੂੰ ਪੜ੍ਹਾਉਣ ਦੇ ਕਈ ਨਵੇਂ ਢੰਗ ਦਸੇ ਹਨ ਜਿਨ੍ਹਾਂ ਨੂੰ ਪਰੈਗਮੈਟਿਕ ਪਰਾਜੈਕਟ, ਕਿੰਡਰ ਗਾਰਟਨ, ਮਾਂਟੀਸਰੀ ਤੇ ਕਈ ਦੇ ਕਈ ਨਾਂ ਦਿਤੇ ਜਾਂਦੇ ਹਨ। ਇਹਨਾਂ ਸਾਰੀਆਂ ਵਿਧੀਆਂ ਦਾ ਮਨੋਰਥ ਕੇਵਲ ਇਹੀ ਹੁੰਦਾ ਹੈ ਕਿ ਜੋ ਕੁਝ ਸਮਝਾਇਆ ਜਾਵੇ ਅਮਲੀ ਰੂਪ ਵਿਚ। ਹਸਦਿਆਂ ਖੇਡਦਿਆਂ ਸਹਿਜ ਸੁਭਾਉ ਹੀ ਦਸ ਦਿਤਾ ਜਾਵੇ। ਗੁਰੂ ਨਾਨਕ ਦੇਵ ਜੀ ਨੇ ਸਿਖਿਆ ਇਸ ਵਿਧੀ ਦੀ ਲੋੜ ਨੂੰ ਸਦੀਆਂ ਪਹਿਲੇ ਅਨੁਭਵ ਕਰ ਲਿਆ ਸੀ। ਆਪ ਨੇ ਦੁਨੀ ਚੰਦ ਨੂੰ ਸਿਖਿਆ ਦੇਣ ਲਈ ਇਕ ਸੂਈ ਦੇ ਕੇ ਆਖਿਆ: 'ਇਸਨੂੰ ਸੰਭਾਲਕੇ ਰੱਖ ਛਡੀਂ, ਅਸੀਂ ਅਗਲੇ ਜਹਾਨ ਤੇਰੇ ਕੋਲੋਂ ਲੈ ਲਵਾਂਗੇ।' ਜਗਨ ਨਾਥ ਪੁਰੀ ਵਿਚ 'ਗਗਨ ਮੈ ਥਾਲ' ਦੀ ਆਰਤੀ ਉਚਾਰ ਕੇ ਕਾਦਰ ਦੀ ਕੁਦਰਤ ਦੇ ਦਰਸ਼ਨ ਕਰਵਾਏ; ਮੱਕੇ ਵੱਲ ਪੈਰ ਕਰਕੇ ਹਾਜੀਆਂ ਨੂੰ ਸਬਕ ਸਿਖਾਇਆ, ਲਾਲੋ ਨੂੰ ਗਲੇ ਲਾ ਨੀਚਾਂ ਨੂੰ ਉਚਿਆਇਆ, ਕਰਤਾਰਪੁਰ ਦੀਆਂ ਪੈਲੀਆਂ ਵੱਲ ਪਾਣੀ ਦੇ ਛੱਟੇ ਦੇ ਕੇ ਗਿਆਨ ਮਾਰਗ ਦੀ ਸੋਝੀ ਕਰਵਾਈ। ਆਪ ਨੇ ਦੁਨੀਆਂ ਦੇ ਸਾਧਾਰਣ ਮਨੁਖ ਦੀ ਪੱਧਰ ਤੇ ਆ ਕੇ ਉਹਨਾਂ ਦੇ ਰੋਜ਼ਾਨਾ ਕੰਮਾਂ ਵਿਚ ਭਾਈਵਾਲ ਬਣ ਕੇ ਸਹਿਜ ਸੁਭਾ ਹੀ ਉਚ-ਆਦਰਸ਼ਾਂ ਦੀ ਸੋਝੀ ਕਰਾ ਦਿਤੀ। ਸੁਣਨ ਵਾਲੇ ਨੂੰ ਪਤਾ ਵੀ ਨਹੀਂ ਸੀ ਹੁੰਦਾ ਕਿ ਉਸਨੂੰ ਕੁਝ ਸਮਝਾਇਆ ਜਾ ਰਿਹਾ ਹੈ। ਅਚਨਚੇਤ ਕਿਸੇ ਨਵੇਂ ਚਮਤਕਾਰ ਨੂੰ ਵੇਖ ਕੇ ਉਹਨਾਂ ਦੀ ਬੁਧੀ ਚਕ੍ਰਿਤ ਰਹਿ ਜਾਂਦੀ ਸੀ। ਅਜ ਦੇ ਮਨੋਵਿਗਿਆਨੀ ਤੇ ਨਵੀਨ ਢੰਗਾਂ ਦੇ ਮਾਹਿਰ ਤਾਂ ਆਪਣੇ ਦਸੇ ਸਿਧਾਂਤਾਂ ਦੀ ਆਪ ਵੀ ਵਰਤੋਂ ਨਹੀਂ ਕਰ ਸਕਦੇ, ਇਹ ਗੁਰੂ ਨਾਨਕ ਦੇਵ ਜੀ ਹੀ ਸਨ ਜਿਨ੍ਹਾਂ ਦਾ ਪੰਜ ਸੌ ਵਰ੍ਹੇ ਪੁਰਾਣਾ ਪ੍ਰਚਾਰ-ਢੰਗ ਅਜ ਵੀ ਨਵੀਨ ਤੇ ਮਨੋਵਿਗਿਆਨਕ ਸਿੱਧ ਹੁੰਦਾ ਹੈ।

—o—

# ਗੁਰਮੁਖ ਪਿਆਰੇ ਦੀ ਯਾਦ ਵਿੱਚ

ਭਾ: ਸਾਹਿਬ ਭਾਈ ਅਤਰ ਸਿੰਘ ਜੀ ਜੋਧਪੁਰ ਵਾਲੇ ਪਿਛਲੇ ਦਿਨੀਂ ਗੁਰਪੁਰੀ ਸਿਧਾਰ ਗਏ ਹਨ, ਉਸ ਗੁਰੂ ਪਿਆਰੇ ਦੀ ਯਾਦ ਨੂੰ ਸੁਰਜੀਤ ਰਖਣ ਹਿਤ ਅਸੀਂ ਛੇਤੀ ਹੀ ਉਹਨਾਂ ਦਾ ਜੀਵਨ ਲੜੀਵਾਰ 'ਸੂਰਾ' ਵਿਚ ਗੁਰ ਸੰਗਤਾਂ ਦੀ ਭੇਟਾ ਕਰਾਂਗੇ। ਸਾਡੀ ਅਰਦਾਸ ਹੈ ਕਿ ਅਕਾਲਪੁਰਖ ਸਾਥੋਂ ਵਿਛੜੀ ਰੂਹ ਨੂੰ ਆਪਣੇ ਚਰਨਾਂ ਨਾਲ ਜੋੜੀ ਰਖੇ।

(ਐਡੀਟਰ)



www.AKJ.Org

# * ਗੁਰੂ ਨਾਨਕ ਦੇਵ ਜੀ ਦਾ ਮਿਸ਼ਨ *

( ਵਲੋਂ—ਬੀਬੀ ਦਰਸ਼ਨਜੋਤ ਕੌਰ 'ਜੋਤ' ਮੈਡੀਕਲ ਸਟੂਡੈਂਟ, ਲੁਧਿਆਣਾ )

ਜਦ ਜਦ ਹੋਏ ਧਰਮ ਦੀ ਹਾਨੀ।
ਵਧਣ ਨੀਚ ਅਸੁਰ ਅਭਿਮਾਨੀ।
ਪ੍ਰਭੂ ਤਦੋਂ ਹੈ ਜਗ ਵਿਚ ਆਂਦਾ।
ਪੀੜ ਜਗਤ ਦੀ ਕੁਲ ਮਿਟਾਂਦਾ।

ਇਹ ਠੀਕ ਹੈ ਕਿ ਸਿਖੀ ਦੇ ਮੂਲ ਸਿਧਾਂਤਾਂ ਅਨੁਸਾਰ ਇਹ ਪ੍ਰਮਾਤਮਾ (ਪਰਮ-ਆਤਮਾ) ਅਕਾਲ ਅਤੇ ਅਜੂਨੀ ਹੈ, ਇਸ ਲਈ ਉਹ ਜਨਮ ਮਰਣ ਦੇ ਗੇੜ ਵਿਚ ਨਹੀਂ ਪੈਂਦਾ, ਪਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਸ ਜਿਸ ਸਮੇਂ ਸੰਸਾਰ ਵਿਚ ਅੰਧਕਾਰ ਮਚਿਆ, ਜ਼ੁਲਮਾਂ ਦੀ ਕਾਲੀ ਬੋਲੀ ਰਾਤ ਛਾਈ, ਅੰਧਕਾਰ ਦੇ ਅੰਧੇਰੇ ਨੇ ਦੁਨੀਆਂ ਨੂੰ ਔਝੜੇ ਪਾਇਆ ਤਾਂ ਉਸ ਪ੍ਰਭੂ ਨੇ ਗਿਆਨ ਦਾ ਸੂਰਜ ਚੜ੍ਹਾਉਣ ਲਈ ਕਿਸੇ ਨਾ ਕਿਸੇ ਮਹਾਂਪੁਰਸ਼ ਨੂੰ ਅਵੱਸ਼ ਹੀ ਸੰਸਾਰ ਵਿਚ ਭੇਜਿਆ। ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੀ ਆਗਿਆ ਨਾਲ ਉਸ ਦੀ ਅਗੰਮੀ ਸੱਤਾ ਦੇ ਵਾਰਸ ਬਣ ਕੇ ਅਜਿਹੇ ਹੀ ਘੋਰ ਅੰਧਕਾਰ ਸਮੇਂ ਸੰਸਾਰ ਵਿਚ ਆਏ। ਗੁਰੂ ਨਾਨਕ ਦੇਵ ਜੀ ਅਕਾਲ ਨਹੀਂ ਸਨ ਪਰ ਅਕਾਲ ਸਰੂਪ ਸਨ, ਪਰਮ ਆਤਮਾ ਨਹੀਂ ਸਨ ਪਰੰਤੂ ਪਰਮਾਤਮਾ ਨਾਲ ਇਕ ਸੁਰ ਹੋਈ ਮਹਾਨ ਆਤਮਾ ਸਨ। ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਵਿਚ ਉਹ ਕੁਝ ਕਰ ਵਖਾਇਆ ਜਿਸ ਨਾਲ 'ਮਿਟੀ ਧੁੰਦ ਜਗੁ ਚਾਨਣ ਹੋਆ।'

ਉਹ ਕਿਹੜਾ ਅੰਧਕਾਰ ਸੀ, ਜਿਸ ਨੂੰ ਦੂਰ ਕਰਨ ਲਈ ਪ੍ਰਭੂ ਨੂੰ ਲੋੜ ਪਈ ਕਿ ਉਹ ਗੁਰੂ ਨਾਨਕ ਵਰਗੀ ਮਹਾਨ ਆਤਮਾ ਨੂੰ ਸੰਸਾਰ ਵਿਚ ਭੇਜੇ।

ਇਤਿਹਾਸ ਦੇ ਪੰਨਿਆਂ ਨੂੰ ਫਰੋਲੀਏ ਤਾਂ ਇਸ ਪ੍ਰਸ਼ਨਾਂ ਦਾ ਉਤਰ ਭਲੀ ਭਾਂਤ ਮਿਲ ਜਾਂਦਾ ਹੈ। ਗੁਰੂ ਨਾਨਕ ਆਗਮਨ ਤੇ ਪਹਿਲਾਂ ਸੰਸਾਰ ਵਿਚ ਅਤੇ ਵਿਸ਼ੇਸ਼ ਕਰਕੇ ਭਾਰਤ ਵਿਚ ਰਾਜਨੀਤਕ, ਸਮਾਜਕ, ਧਾਰਮਕ ਅਤੇ ਆਰਥਕ ਪੱਖਾਂ ਤੋਂ ਬਹੁਤ ਗਿਰਾਵਟ ਆ ਚੁਕੀ ਸੀ। ਰਾਜੇ ਕਸਾਈ ਬਨ ਚੁਕੇ ਸਨ, ਜਨਤਾ ਜ਼ੁਲਮ ਦੀ ਚੱਕੀ ਵਿਚ ਪੀਸੀ ਜਾ ਰਹੀ ਸੀ। ਸਭ ਪਾਸੇ ਝੂਠ ਦਾ ਬੋਲਬਾਲਾ ਸੀ ਅਤੇ ਸੱਚ ਦਾ ਚੰਨ ਬਦਲਾਂ ਉਹਲੇ ਜਾ ਲੁਕਿਆ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਦਸ਼ਾ ਨੂੰ ਇਸ ਤਰਾਂ ਵਰਨਣ ਕੀਤਾ ਹੈ:—

ਕਲਿ ਕਾਤੀ ਰਾਜੇ ਕਾਸਾਈ,
ਧਰਮ ਪੰਖਿ ਕਰ ਉਡਰਿਆ॥
ਕੂੜ ਅਮਾਵਸ ਸਚ ਚੰਦਰਮਾ,
ਦੀਸੈ ਨਾਹੀ ਕੈ ਚੜਿਆ।

ਲਗ ਪਗ ਪੰਜ ਸਦੀਆਂ ਤੋਂ ਗੁਲਾਮੀ ਦੇ ਸੰਗਲਾਂ ਵਿਚ ਜਕੜਿਆ ਹੋਣ ਕਰਕੇ ਭਾਰਤੀ ਸਮਾਜ ਉਲਝਣਾਂ ਵਿਚ ਫਸ ਚੁਕਿਆ ਸੀ। ਵਰਣ ਆਸ਼ਰਮ ਦੇ ਸਿਧਾਂਤ ਨੇ ਸਮਾਜ ਵਿਚ ਵੰਡੀਆਂ ਪਾ ਦਿਤੀਆਂ ਸਨ। ਉਚੀਆਂ ਜਾਤੀਆਂ ਵਾਲੇ ਆਪਣੇ ਆਪ ਨੂੰ ਵਿਸ਼ੇਸ਼ ਸਮਝਕੇ ਅਖੌਤੀ ਨੀਵੀਆਂ ਜਾਤੀਆਂ ਵਾਲਿਆਂ ਨਾਲ ਕੋਈ ਸੰਪਰਕ ਨਹੀਂ ਸਨ ਰਖਦੇ। ਸ਼ੂਦਰਾਂ ਲਈ ਧਰਮ ਮੰਦਰਾਂ ਵਿਚ ਜਾਣਾ ਅਤੇ ਵੇਦਾਂ ਮੰਤ੍ਰਾਂ ਦਾ ਸੁਣਨਾ ਵਿਵਰਜਤ ਸੀ। ਖਤਰੀ ਵੀ ਆਪਣੇ ਅਸਲੀ ਕਰਤਵਾਂ ਨੂੰ ਭੁਲ ਚੁਕੇ ਸਨ ਅਤੇ ਬਦੇਸ਼ੀ ਹਾਕਮਾਂ ਦੇ ਹੱਥ ਠੋਕੇ ਬਣੇ ਹੋਏ ਸਨ:—



www.AKJ.Org

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।

ਪੇਟ ਪੂਜਾ ਲਈ ਪੈਸਾ ਕਮਾਉਣ ਵਾਸਤੇ ਚੰਗੇ ਮੰਦੇ ਕੰਮ ਕੀਤੇ ਜਾਂਦੇ ਸਨ। ਮੁਸਲਮਾਨਾਂ ਦੇ ਅਤਿਆਚਾਰਾਂ ਨੇ ਇਸਤ੍ਰੀ ਦਾ ਸਤਿਕਾਰ ਮੂਲੋਂ ਹੀ ਖ਼ਤਮ ਕਰ ਦਿਤਾ ਸੀ। ਗਲ ਕੀ ਸਮੁਚਾ ਸਮਾਜ ਸਭ ਕੁਰੀਤੀਆਂ ਦਾ ਸ਼ਿਕਾਰ ਬਣਿਆ ਹੋਇਆ ਸੀ। ਵੱਢੀ ਅਤੇ ਰਿਸ਼ਵਤਖੋਰੀ ਨੇ ਇਸ ਦੀ ਆਰਥਕ ਵਿਵਸਥਾ ਦਾ ਮੰਦਹਾਲ ਕਰ ਦਿਤਾ ਹੋਇਆ ਸੀ। ਬਦੇਸ਼ੀਆਂ ਦੀ ਲੁਟ ਮਾਰ ਕਰਕੇ ਭਾਰਤ ਦੀ ਜਨਤਾ ਧਨਹੀਣ ਹੋ ਚੁਕੀ ਸੀ। ਅਜਿਹੀ ਗਿਰੀ ਹੋਈ ਅਵਸਥਾ ਵਿਚ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਆਪ ਨੇ ਸਾਰੀ ਸਥਿਤੀ ਦਾ ਜਾਇਜ਼ਾ ਲੈ ਕੇ ਦੇਸ਼ ਨੂੰ ਟੁੰਬਿਆ ਅਤੇ ਅਜਿਹੀ ਪ੍ਰਾਪਤੀ ਲਈ ਲਲਕਾਰਿਆ। ਆਪ ਨੇ ਇਹ ਅਨੁਭਵ ਕਰ ਲਿਆ ਸੀ ਕਿ ਸਮਾਜ ਦੇ ਸਰੀਰ ਉਤੇ ਹੋਏ ਫੋੜੇ ਮਰ੍ਹਮ ਪੱਟੀ ਕਰਨ ਨਾਲ ਹੀ ਠੀਕ ਨਹੀਂ ਹੋ ਸਕਦੇ ਸਗੋਂ ਇਸ ਨਾਸੂਰ ਦਾ ਓਪਰੇਸ਼ਨ ਕਰ ਕੇ ਇਸ ਦੀਆਂ ਡੂੰਘੀਆਂ ਧਸ ਚੁਕੀਆਂ ਜੜ੍ਹਾਂ ਨੂੰ ਪੁਟਣ ਦੀ ਲੋੜ ਹੈ। ਇਸ ਕੰਮ ਲਈ ਬਹੁਤ ਸਮੇਂ, ਸਾਹਸ ਅਤੇ ਸ਼ਕਤੀ ਦੀ ਜ਼ਰੂਰਤ ਸੀ। ਗੁਰੂ ਜੀ ਨੇ ਭਾਰਤੀ ਸਮਾਜ ਨੂੰ ਸੁਧਾਰ ਕੇ ਇਸ ਨੂੰ ਅਰੋਗ ਮਨੁਖਤਾ ਦੀ ਸ਼ਕਲ ਦੇਣ ਦਾ ਸੰਕਲਪ ਕੀਤਾ ਜਿਸਨੂੰ ਉਹਨਾਂ ਨੇ ਦਸਾਂ ਗੁਰੂਆਂ ਦੇ ਰੂਪ ਵਿਚ ਪ੍ਰਗਟ ਹੋ ਕੇ ਸੰਪੂਰਨ ਕਰਨ ਦਾ ਯਤਨ ਕੀਤਾ ਅਤੇ ਅੰਤ ਗੁਰੂ ਗੋਬਿੰਦ ਸਿੰਘ ਜੀ ਦੇ ਜਾਮੇਂ ਵਿਚ ਪਰਵਿਰਤ ਹੋ ਕੇ ਖਾਲਸਾ ਸਾਜ ਕੇ ਆਪਣੇ ਸੰਕਲਪ ਨੂੰ ਪੂਰਨਤਾ ਦੀ ਸ਼ਕਲ ਦਿਤੀ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਮੁਖ ਸਿਧਾਂਤਾਂ ਬਾਰੇ ਆਪਣੇ ਜੀਵਨ ਕਾਲ ਵਿਚ ਥਾਂ ਥਾਂ ਤੇ ਫਿਰ ਕੇ ਸੰਕੇਤ ਕੀਤਾ ਸੀ ਜਿਹੜੇ ਨਵੇਂ ਉਸਾਰੇ ਜਾਣ ਵਾਲੇ ਸਮਾਜ ਵਿਚ ਪਰਚਾਰਨੇ ਸਨ ਅਤੇ ਜਿਨ੍ਹਾਂ ਨੂੰ ਉਹਨਾਂ ਨੇ ਆਪ ਦਸਾਂ ਜਾਮਿਆਂ ਵਿਚ ਦ੍ਰਿੜ੍ਹ ਕਰਵਾਉਣਾ ਸੀ। ਇਸ ਮਿਸ਼ਨ ਦੀ ਪੂਰਤੀ ਲਈ ਅਨੋਖੇ ਸਿਧਾਂਤ ਪੇਸ਼ ਕਰਨੇ ਸਨ ਜਿਨ੍ਹਾਂ ਨੂੰ ਅਪਨਾ ਕੇ ਜਨਤਾ ਸਭ ਪੱਖਾਂ ਤੋਂ ਬਲਵਾਨ ਹੋ ਸਕੇ। ਗੁਰੂ ਨਾਨਕ ਦੇਵ ਜੀ ਨੇ ਭਾਰਤ ਵਾਸੀਆਂ ਨੂੰ ਆਤਮਕ ਬਲ ਪ੍ਰਦਾਨ ਕਰਨ ਵੱਲ ਸਭ ਤੋਂ ਪਹਿਲਾਂ ਧਿਆਨ ਦਿਤਾ ਕਿਉਂਕਿ ਇਸ ਦੀ ਅਣਹੋਂਦ ਬਿਨਾਂ ਸ਼ਕਤੀ ਵੀ ਤਾਂ ਜ਼ੁਲਮ ਦਾ ਰੂਪ ਧਾਰ ਸਕਦੀ ਸੀ। ਇਸ ਦੇ ਉਪਰੰਤ ਆਤਮਕ ਬਲ ਨਿਡਰਤਾ, ਨਿਰਭੈਤਾ ਅਤੇ ਨਿਰਵੈਰਤਾ ਆਦਿ ਵਰਗੇ ਗੁਣ ਉਪਜਾਉਂਦਾ ਹੈ ਜਿਨ੍ਹਾਂ ਨਾਲ ਹਰ ਸਖ਼ਤ ਤੋਂ ਸਖ਼ਤ ਔਕੜ ਦਾ ਟਾਕਰਾ ਕੀਤਾ ਜਾ ਸਕਦਾ ਹੈ। ਸੋ ਇਸ ਮਕਸਦ ਲਈ ਆਪ ਜੀ ਨੇ ਥਾਂ ਥਾਂ ਦਾ ਰਟਨ ਕੀਤਾ। ਜੋਗੀਆਂ ਦੇ ਮਠਾਂ ਉਤੇ, ਹਿੰਦੂਆਂ ਦੇ ਤੀਰਥਾਂ ਉਤੇ ਅਤੇ ਮੁਸਲਮਾਨਾਂ ਦੇ ਮੱਕੇ ਵਰਗੇ ਪਵਿੱਤਰ ਅਸਥਾਨਾਂ ਤੇ ਜਾ ਕੇ ਉਹਨਾਂ ਨੂੰ ਦੱਸਿਆ ਕਿ ਤੁਸੀਂ ਸਾਰੇ ਕੁਰਾਹੇ ਪਏ ਹੋਏ ਹੋ। ਜੋਗੀ ਘਰ ਬਾਰ ਤਿਆਗ ਕੇ ਮੈਦਾਨੋਂ ਨਸ ਚੁਕੇ ਸਨ। ਬ੍ਰਾਹਮਣ ਵਹਿਮ, ਭਰਮ ਅਤੇ ਛੂਤ ਛਾਤ ਅਤੇ ਪਖੰਡ ਦਾ ਆਸਰਾ ਲੈ ਕੇ ਲੋਕਾਂ ਨੂੰ ਕੁਕਰਮੀ ਬਣਾਉਂਦੇ ਅਤੇ ਢਹਿੰਦੀਆਂ ਕਲਾਂ ਵਲ ਲਿਜਾ ਰਹੇ ਸਨ।

ਮੁਸਲਮਾਨ ਰਾਜ ਸ਼੍ਰੇਣੀ ਨਾਲ ਸਬੰਧਿਤ ਹੋਣ ਕਰਕੇ ਜ਼ਾਲਮ, ਅਨਿਆਈ ਅਤੇ ਰਿਸ਼ਵਤਖੋਰ ਬਣ ਚੁਕੇ ਸਨ। ਸੋ ਜਨਤਾ ਦੀ ਰਖਿਆ ਕੌਣ ਕਰੇ ?

ਟਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।

ਗੁਰੂ ਸਾਹਿਬ ਜੀ ਨੇ ਥਾਂ ਥਾਂ ਫਿਰਕੇ ਇਹਨਾਂ ਸਾਰਿਆਂ ਜੋਗੀਆਂ, ਸਿੱਧਾਂ, ਮੁਲਾਣਿਆਂ ਅਤੇ ਪੰਡਤਾਂ ਨੂੰ ਦਸਿਆ ਕਿ ਤੁਸੀਂ ਔਝੜੇ ਪਏ ਹੋਏ ਹੋ। ਜਿਥੇ ਉਹਨਾਂ ਨੇ ਥਾਂ ਥਾਂ ਫਿਰ ਕੇ ਸਾਰਿਆਂ ਦੀਆਂ ਕਰਤੂਤਾਂ ਦੇ ਪਾਜ ਖੋਲੇ ਉਥੇ ਉਹਨਾਂ ਨੇ ਹੇਠ ਲਿਖੇ ਅਸੂਲਾਂ ਦਾ ਜ਼ੋਰਦਾਰ ਪ੍ਰਚਾਰ ਕੀਤਾ ਤਾਂ ਜੋ ਸਮੁੱਚਾ ਸਮਾਜ ਉਹਨਾਂ ਨੂੰ ਧਾਰਨ ਕਰਕੇ ਆਤਮਕ ਤੌਰ ਤੇ ਬਲਵਾਨ ਹੋ ਸਕੇ ਅਤੇ ਹਰ ਥਾਂ ਸੁਖ ਸ਼ਾਂਤੀ ਵਰਤ ਸਕੇ।

ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਨੂੰ ਪ੍ਰਮੁਖਤਾ ਦਿਤੀ। ਅਕਾਲ ਪੁਰਖ ਨਿਰਭਉ ਅਤੇ ਨਿਰਵੈਰ ਹੈ, ਇਸ ਲਈ ਉਸ ਨਾਲ ਅਭੇਦ ਹੋਣ ਲਈ


www.AKJ.Org

ਅਜਿਹੇ ਗੁਣਾਂ ਦਾ ਧਾਰਨਾ ਜ਼ਰੂਰੀ ਹੈ। ਸੋ ਨਾਮੀ ਪੁਰਖ ਸਦਾ ਸੱਚ ਦਾ ਆਸਰਾ ਲੈਂਦੇ ਹਨ, ਹੱਥਾਂ ਨਾਲ ਕਿਰਤ ਕਰ ਕੇ ਵੰਡ ਕੇ ਛਕਦੇ ਹਨ ਤਾਂ ਜੋ ਸਾਂਝੀਵਾਲਤਾ ਲਿਆਈ ਜਾ ਸਕੇ ਅਤੇ ਆਤਮਕ ਉਡਾਰੀਆਂ ਵੀ ਲਾਈਆਂ ਜਾਣ। ਆਤਮਾ ਦੀ ਸ਼ੁਧਤਾ ਲਈ ਸਾਦਾ ਪਾਉਣ ਆਖਿਆ ਅਤੇ ਵਿਸ਼ੇ ਵਿਕਾਰਾਂ ਦੇ ਸੇਵਨ ਤੋਂ ਰੋਕਿਆ। ਆਪ ਨੇ ਉਪਦੇਸ਼ ਦਿਤਾ ਕਿ ਘਰਾਂ ਨੂੰ ਤਿਆਗਣ ਨਾਲ ਆਤਮਕ ਬਲ ਅਤੇ ਪਰਮਾਤਮਾ ਪਰਾਪਤ ਨਹੀਂ ਹੋ ਸਕਦਾ। ਇਹ ਮੈਦਾਨੋ ਨੱਸ ਜਾਣ ਵਾਲੀ ਗੱਲ ਹੈ। ਜਿਹਾ ਕਿ ਉਦੋਂ ਸਾਧੂ ਸੰਤ ਅਤੇ ਜੋਗੀ ਤਪੇ ਆਦਿ ਕਰਿਆ ਕਰਦੇ ਸਨ। ਉਹਨਾਂ ਦੱਸਿਆ ਹੈ ਕਿ ਘਰ ਤਿਆਗ ਕੇ ਫਿਰ ਗ੍ਰਿਹਸਤੀ ਕੋਲੋਂ ਮੰਗ ਕੇ ਉਧਰ ਪੂਰਤੀ ਕਰਨਾ ਹੇਠੀ ਵਾਲੀ ਗੱਲ ਹੈ। ਆਪ ਜੀ ਨੇ ਆਪ ਗ੍ਰਿਹਸਤ ਧਾਰਨ ਕੀਤਾ ਤੇ ਜਨਤਾ ਲਈ ਪੂਰਨੇ ਪਾਏ ਕਿ ਗ੍ਰਿਹਸਤੀ ਇਹੋ ਜਿਹਾ ਹੋਣਾ ਚਾਹੀਦਾ ਹੈ। ਮਾਇਆ ਤੋਂ ਨਫਰਤ ਦੀ ਲੋੜ ਨਹੀਂ ਪਰੰਤੂ ਇਸ ਵਿਚ ਖਚਤ ਨਾ ਹੋਵੇ।

ਅੰਜਨ ਮਾਹਿ ਨਿਰੰਜਨ ਰਹੀਐ,
ਜੋਗ ਜੁਗਤ ਇਵ ਪਈਐ।
ਜੈਸੇ ਜਲ ਮਹਿ ਕਮਲ,
ਨਿਰਾਲਮ ਮੁਰਗਾਈ, ਨੈਸਾਣੈ।
ਸੁਰਤਿ ਸਬਦ ਭਵ ਸਾਗਰ
ਤਰੀਐ ਨਾਨਕ ਨਾਮ ਵਖਾਣੈ।

ਉਹਨਾਂ ਦਸਿਆ ਕਿ ਅਸੀਂ ਸਾਰੇ ਭੈਣ ਭਰਾ ਹਾਂ ਅਤੇ ਇਕ ਅਕਾਲ ਪੁਰਖ ਸਭ ਦਾ ਪਿਤਾ ਹੈ। ਕੋਈ ਨੀਵਾਂ ਜਾਂ ਉੱਚਾ ਨਹੀਂ। ਜਾਤ ਜਨਮ ਕਰਕੇ ਨਹੀਂ ਹੁੰਦੀ ਸਗੋਂ ਕਰਮ ਕਰਕੇ ਹੁੰਦੀ ਹੈ। ਇਸ ਲਈ ਕਿਸੇ ਤੋਂ ਨਫ਼ਰਤ ਨਹੀਂ ਕਰਨੀ ਚਾਹੀਦੀ ਇਹ ਇਕ ਅਜਿਹਾ ਉਪਦੇਸ਼ ਸੀ ਜਿਸ ਨਾਲ ਮਨੁਖਤਾ ਇਕ ਲੜੀ ਵਿਚ ਪਰੋਈ ਜਾ ਸਕਦੀ ਸੀ ਅਤੇ ਜ਼ਬਰ ਜ਼ੁਲਮ ਦਾ ਨਾਸ ਹੋ ਸਕਦਾ ਸੀ। ਇਸੇ ਲਈ ਉਹ ਉਦਾਸੀਆਂ ਸਮੇਂ ਸਦਾ ਗਰੀਬਾਂ ਤੇ ਨੀਵੀਂ ਜਾਤ ਵਾਲਿਆਂ ਨੂੰ ਨਿਵਾਜਦੇ ਰਹੇ ਭਾਵੇਂ ਆਪ ਬੇਦੀ ਕੁਲ ਵਿਚੋਂ ਸਨ। ਪਰ ਆਪਨੇ ਸਦਾ ਨੀਵਿਆਂ ਦਾ ਸਾਥ ਦਿਤਾ ਅਤੇ ਆਖਿਆ:—

ਨੀਚਾ ਅੰਦਰ ਨੀਚ ਜਾਤ,
ਨੀਚੀ ਹੂ ਅਤਿ ਨੀਚ।
ਨਾਨਕ ਤਿਨ ਕੈ ਸੰਗ ਸਾਥ,
ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨ,
ਤਿਥੈ ਨਦਰਿ ਤੇਰੀ ਬਖਸੀਸ।

ਆਪਨੇ ਮਿੱਠਾ ਬੋਲਣਾ ਅਤੇ ਚੰਗਿਆਈਆਂ ਧਾਰਨ ਕਰਨ ਵਿਚ ਹਉਮੈ ਦਾ ਨਾਸ ਕਰਨ ਲਈ ਆਖਿਆ ਕਿਉਂਕਿ ਇਨ੍ਹਾਂ ਨਾਲ ਨਾਮ ਮਾਰਗ ਦੇ ਰਾਹ ਵਿਚ ਰੁਕਾਵਟ ਪੈਂਦੀ ਹੈ। ਵਹਿਮਾਂ ਭਰਮਾਂ ਅਤੇ ਪਖੰਡਾਂ ਨੂੰ ਤਿਆਗ ਕੇ ਅਮਲੀ ਜੀਵਨ ਨੂੰ ਉੱਚਾ ਕਰਨ ਦਾ ਉਪਦੇਸ਼ ਦਿਤਾ। ਆਪਨੇ ਇਹ ਦਸਿਆ ਕਿ ਰੱਬ ਕਿਸੇ ਖ਼ਾਸ ਥਾਂ ਤੇ ਨਹੀਂ ਰਹਿੰਦਾ ਭਾਵ ਨਾ ਹੀ ਮੰਦਰ ਵਿਚ ਤੇ ਨਾ ਹੀ ਮਸਜਿਦ ਵਿਚ ਸਗੋਂ ਉਹ ਸਰਬ ਵਿਆਪਕ ਹੈ ਅਤੇ ਘਟ ਘਟ ਵਿਚ ਵਸਦਾ ਹੈ। ਉਸ ਦੀ ਪ੍ਰਾਪਤੀ ਕਰਮ ਕਾਂਡਾਂ ਵਿਚੋਂ ਨਹੀਂ ਹੁੰਦੀ ਸਗੋਂ ਨਾਮ ਜਪਣ ਅਤੇ ਦਇਆ, ਧਰਮ, ਕਿਰਤ ਕਰਨ ਤੇ ਉਸ ਦੀ ਮਖਲੂਕ ਨਾਲ ਪਿਆਰ ਅਤੇ ਸੇਵਾ ਕਰਨ ਨਾਲ ਹੁੰਦਾ ਹੈ। ਆਪ ਨੇ ਅਜੇਹੇ ਅਨੇਕਾਂ ਗੁਣਾਂ ਦਾ ਪ੍ਰਚਾਰ ਕੀਤਾ ਜਿਸ ਤੋਂ ਸਾਰੀ ਦੁਨੀਆਂ ਨੇ ਲਾਭ ਉਠਾਇਆ ਅਤੇ ਉਠਾ ਸਕਦੀ ਹੈ। ਇਸ ਤਰ੍ਹਾਂ ਨਾਲ ਬਾਬੇ ਨੇ ਮਨੁੱਖਾਂ ਦੀ ਆਤਮਕ ਪੱਧਰ ਉੱਚੀ ਕੀਤੀ। ਇਸ ਕਾਰਜ ਨੂੰ ਆਪ ਜੀ ਨੇ ਹਰ ਜਾਮੇਂ ਵਿਚ ਪ੍ਰਚਾਰਿਆ ਤਾਂ ਜੋ ਜਨਤਾ ਨੂੰ ਇਹਨਾਂ ਦਾ ਪੂਰਨ ਅਭਿਆਸ ਹੋ ਜਾਏ। ਦਸਵੇਂ ਜਾਮੇਂ ਵਿਚ ਤਾਂ ਆਪ ਜੀ ਸਰਬੰਸਦਾਨੀ ਸਾਬਤ ਹੋ ਕੇ ਕਈਆਂ ਲਈ ਅਜਿਹੇ ਪੂਰਨੇ ਪਾਏ ਕਿ ਬਾਅਦ ਵਿਚ ਉਹਨਾਂ ਦੇ ਪੈਰੋਕਾਰਾਂ ਨੇ ਅਣਗਿਣਤ ਕੁਰਬਾਨੀਆਂ ਦਿਤੀਆਂ ਅਤੇ ਆਤਮਕ ਪੱਧਰ ਦੀ ਸਿਖਰ ਨੂੰ ਜਾ ਛੋਹਿਆ।

ਜਦ ਬਾਬੇ ਨਾਨਕ ਜੀ ਨੇ ਇਹ ਅਨੁਭਵ ਕਰ ਲਿਆ ਕਿ ਹੁਣ ਆਤਮਕ ਬਲ ਸੰਪੂਰਨ ਹੈ ਤਾਂ ਉਨ੍ਹਾਂ



www.AKJ.Org

ਨੇ ਸ਼ਕਤੀ ਦੇ ਪ੍ਰਯੋਗ ਵੱਲ ਧਿਆਨ ਦਿਤਾ ਕਿਉਂਕਿ ਭਗਤੀ ਅਤੇ ਸ਼ਕਤੀ ਦੇ ਅਦੁਤੀ ਸੁਮੇਲ ਬਿਨਾਂ ਉਹ ਇਨਕਲਾਬ ਆਉਣਾ ਸੰਭਵ ਨਹੀਂ ਸੀ ਜੋ ਆਪ ਲਿਆਉਣਾ ਚਾਹੁੰਦੇ ਸਨ। ਆਪ ਨੇ ਨਿਡਰਤਾ ਜਿਸ ਵਿਚ ਸ਼ਕਤੀ ਅਤੇ ਬਹਾਦਰੀ ਪ੍ਰਗਟ ਹੁੰਦੀ ਹੈ ਦਾ ਪ੍ਰਯੋਗ ਥਾਂ ਥਾਂ ਤੇ ਕੀਤਾ ਪਰ ਇਹ ਨਿਡਰਤਾ ਸਪਸ਼ਟ ਰੂਪ ਵਿਚ ਉਦੋਂ ਦਿਸ ਆਈ ਜਦ ਉਹਨਾਂ ਨੇ ਬਾਬਰ ਨੂੰ ਜ਼ੁਲਮ ਅਤੇ ਜਾਬਰ ਆਖ ਕੇ ਸੰਬੋਧਨ ਕੀਤਾ। ਕੀ ਬਾਬੇ ਬਿਨਾਂ ਅਜਿਹਾ ਹੋਰ ਕੋਈ ਕਰ ਸਕਦਾ ਸੀ? ਹਰਗਿਜ਼ ਨਹੀਂ। ਬਾਬੇ ਆਖਿਆ:—

ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨੁ ਵੇ ਲਾਲੋ।'

ਆਪ ਨੇ ਅਕਾਲ ਪੁਰਖ ਅਗੇ ਵੀ ਰੋਸ ਪਰਗਟ ਕਰਦਿਆਂ ਹੋਇਆਂ ਆਖਿਆ:—

ਏਤੀ ਮਾਰ ਪਈ ਕੁਰਲਾਣੈ,
ਤੈ ਕੀ ਦਰਦ ਨਾ ਆਇਆ।

ਸਕਤੇ ਦਾ ਟਾਰਕਾ ਕਰਨ ਲਈ ਦਸਵੇਂ ਜਾਮੇਂ ਵਿਚ ਆਪ ਨੇ ਤਲਵਾਰ ਚੁਕਣ ਦਾ ਉਪਦੇਸ਼ ਦੇਂਦਿਆਂ ਹੋਇਆਂ ਆਖਿਆ :—

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲਅਸਤ ਬੁਰਦਨ ਬਸ਼ਮਸ਼ੀਰ ਦਸਤ।

ਇਹ ਤੁਕਾਂ ਦਸਦੀਆਂ ਹਨ ਕਿ ਜੇ ਤਾਕਤਵਰ ਦਾ ਮੁਕਾਬਲਾ ਤਾਕਤਵਰ ਕਰੇ ਤਾਂ ਅਫਸੋਸ ਵਾਲੀ ਗਲ ਨਹੀਂ ਜਿਵੇਂ ਕਿ ਆਪ ਜੀ ਨੇ ਇਕ ਜਗ੍ਹਾ ਤੇ ਕਿਹਾ ਹੈ—

ਜੇ ਸਕਤਾ ਸਕਤੇ ਕਉ ਮਾਰੈ,
ਤਾ ਮਨਿ ਰੋਸ ਨ ਹੋਈ ॥

ਪਰੰਤੂ ਮਾੜੇ ਅਤੇ ਨਿਹੱਥੇ ਉਤੇ ਜ਼ੁਲਮ ਕਰਨਾ ਕਾਇਰਤਾ ਹੈ। ਇਸ ਸ਼ਕਤੀ ਦਾ ਹਲਕਾ ਜਿਹਾ ਪ੍ਰਯੋਗ ਆਪ ਜੀ ਨੇ ਛੇਵੇਂ ਜਾਮੇ ਵਿਚ ਕੀਤਾ ਸੀ ਅਤੇ ਵੇਖਿਆ ਕਿ ਸ਼ਕਤੀ ਕਿਤੇ ਆਤਮਕ ਬਲ ਉਤੇ ਹਾਵੀ ਤਾਂ ਨਹੀਂ, ਪਰ ਉਹਨਾਂ ਦੇ ਸਿਖ ਪਾਸ ਹੋਏ ਇਸ ਲਈ ਆਪ ਜੀ ਨੇ ਇਸ ਦੀ ਪੂਰੀ ਤਰ੍ਹਾਂ ਵਰਤੋਂ ਦਸਵੇਂ ਜਾਮੇ ਵਿਚ ਕੀਤੀ ਅਤੇ ਪੁਰਾਣੇ ਸਮਾਜ ਦੀ ਕਾਇਆ ਕਲਪ ਕਰਕੇ ਨਵਾਂ ਸਮਾਜ ਬਣਾਇਆ ਜਿਸ ਦੇ ਨਵੇਂ ਅਸੂਲ ਸਨ ਅਤੇ ਨਵੀਂ ਹੀ ਸ਼ਕਲ ਸੂਰਤ ਸੀ। ਇਹ ਕੁਝ ਤਾਂ ਕੀਤਾ ਜੋ ਪੁਰਾਤਨਤਾ ਅਤੇ ਨਵੀਨਤਾ ਵਿਚ ਫਰਕ ਸਪਸ਼ਟ ਹੋ ਸਕੇ।

ਉਦੋਂ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ ਲਈ ਆਪਾ ਪੇਸ਼ ਕੀਤਾ ਉਹ ਖਾਲਸਾ ਅਖਵਾਏ ਭਾਵ ਨਿਰੋਲ ਖਾਲਸਾ। ਇਸ ਤਰ੍ਹਾਂ ਦੇ ਸਾਜੇ ਹੋਏ ਖਾਲਸੇ ਨੇ ਪਿਛੋਂ ਸੰਤ ਸਿਪਾਹੀ ਦੇ ਰੂਪ ਵਿਚ ਭਗਤੀ ਅਤੇ ਸ਼ਕਤੀ ਦੇ ਸੁਮੇਲ ਨਾਲ ਉਹ ਕਾਰਨਾਮੇ ਕਰ ਵਿਖਾਏ ਜੋ ਰਹਿੰਦੀ ਦੁਨੀਆਂ ਤਕ ਆਪਣੀ ਮਿਸਾਲ ਆਪ ਹੀ ਬਣੇ ਰਹਿਣਗੇ। ਖਾਲਸੇ ਦੀ ਸ਼ਕਤੀ ਸਦਾ ਬਚਾਉ ਲਈ ਇਸਤੇਮਾਲ ਹੁੰਦੀ ਰਹੀ ਜਿਸ ਦਾ ਸਿੱਟਾ ਇਹ ਨਿਕਲਿਆ ।ਕ ਭਾਰਤ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਇਕ-ਦਮ ਟੁਟ ਗਈਆਂ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਲੋਕਾਂ ਦੀ ਦੁਖ ਨਵਿਰਤੀ ਲਈ ਨਵੇਂ ਰਾਹ ਵਿਖਾਏ। ਨਵੇਂ ਸਿਧਾਂਤ ਦਸੇ ਅਤੇ ਨਵੇਂ ਜੀਵਨ ਦੇ ਅਮਲੀ ਪੂਰਨੇ ਪਾ ਕੇ ਦਸੇ। ਗੁਰੂ ਸੰਗਤ ਤੇ ਬਾਣੀ ਦੇ ਆਸਰੇ ਜੀਵਨ ਬਤੀਤ ਕਰਨ ਲਈ ਆਖਿਆ ਪਰੰਤੂ ਮੁਸੀਬਤ ਦੇ ਸਮੇਂ ਗੁਰੂ ਸੰਗਤ ਨੂੰ ਗੁਰੂ-ਸੈਨਾ ਦਾ ਰੂਪ ਧਾਰ ਕੇ ਜਾਬਰਾਂ ਨਾਲ ਟੱਕਰ ਲੈਣ ਲਈ ਵੀ ਤਿਆਰ ਕੀਤਾ। ਇਹੋ ਕਾਰਣ ਹੈ ਕਿ ਗੁਰੂ ਨਾਨਕ ਜੀ ਦੀ ਸਿਖਿਆ ਤੇ ਚੱਲਣ ਵਾਲੇ ਸੰਤ ਸਿਪਾਹੀ ਬਣ ਕੇ ਮੈਦਾਨ ਵਿਚ ਨਿੱਤਰਦੇ ਰਹੇ ਜਿਨ੍ਹਾਂ ਦੇ ਇਕ ਹੱਥ ਵਿਚ ਮਾਲਾ ਅਤੇ ਦੂਜੇ ਵਿਚ ਤਲਵਾਰ ਹੁੰਦੀ ਸੀ। ਅਜ ਵੀ ਲੋੜ ਹੈ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਪੜ੍ਹਨ ਤੇ ਵਿਚਾਰਨ ਦੀ ਤਾਂ ਜੋ ਅਸੀਂ ਆਪਣੇ ਜੀਵਨ ਨੂੰ ਪਰਮਾਰਥਕ ਤੇ ਸੰਸਾਰਕ ਦੋਹਾਂ ਖੇਤਰਾਂ ਵਿਚ ਸਫਲ ਬਣਾ ਸਕੀਏ।

——



www.AKJ.Org

# ਗੁਰੂ ਨਾਨਕ ਦੇ ਆਦਰਸ਼ਕ ਸਿੱਖ ਦਾ ਚਿੱਤਰ

( ਵਲੋਂ–ਭਾਈ ਜਸਮੇਰ ਸਿੰਘ 'ਪਾਲ' ਚੰਡੀਗੜ੍ਹ )

ਗੁਰੂ ਨਾਨਕ ਦਾ ਸਿੱਖ ਬੜੀ ਮੇਹਨਤ ਤੇ ਘਾਲਣਾ ਨਾਲ ਘੜਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਇਕ ਆਦਰਸ਼ਕ ਇਨਸਾਨ ਦਾ ਚਿਤਰ ਖਿਚਣ ਘਰੋਂ ਨਿਕਲੇ ਸਨ। ਆਦਰਸ਼ਕ ਇਨਸਾਨ ਆਪਣੇ ਆਪ ਵਿਚ ਮੁਕੰਮਲ ਤੇ ਪੂਰਨ ਭਾਂਤ ਹੁੰਦਾ ਹੈ। ਆਦਰਸ਼ਕ ਇਨਸਾਨ ਸੇਧ ਨੂੰ ਕਦੇ ਵੀ ਨਹੀਂ ਛਡਦਾ। ਮੁਕੰਮਲ ਸੇਧ ਹਰ ਕੋਈ ਨਹੀਂ ਫੜ ਸਕਦਾ। ਆਦਰਸ਼ਕ ਸਿੱਖ ਦਾ ਚਿਤਰ ਖਿਚਣ ਲਈ ਸਿਖ ਗੁਰੂਆਂ ਨੇ ਸਭ ਕੁਝ ਅਰਪਨ ਕਰ ਦਿਤਾ ਇਸ ਸਫਲ ਮੂਰਤ ਨੂੰ ਘੜਨ ਲਈ ਗੁਰੂ ਨਾਨਕ ਜੀ ਨੇ ਚਾਰ ਲੰਮੀਆਂ ਉਦਾਸੀਆਂ ਧਾਰਨ ਕੀਤੀਆਂ, ਘਰੋ ਘਰੀ ਜਾ ਕੇ ਗਫਲਤ ਤੇ ਮਾਇਆ ਦੀ ਨੀਂਦ ਵਿਚ ਸੁਤੇ ਲੋਕਾਂ ਨੂੰ ਜਗਾਇਆ। ਧਰਤ ਲੁਕਾਈ ਨੂੰ ਸੋਧਿਆ। ਗੁਰੂ ਨਾਨਕ ਜੀਨੂੰ ਲੋਕ-ਸੋਧ ਦਾ ਚਾਅ ਚੜਿਆ। ਉਹ ਜਿਥੇ ਵੀ ਗਏ ਧਰਮਸਾਲਾਂ ਬਣਵਾਈਆਂ। ਸੰਗਤਾਂ ਤੇ ਬਾਣੀ ਦੇ ਧੁਰਵੇ ਬੰਨੇ। 'ਬਾਬਾ ਮੜੀ ਨਾ ਗੋਰ'। ਗੁਰੂ ਬਾਬਾ ਸ਼ੇਰ ਵਾਂਗ ਗਰਜਿਆ। ਮਿਰਗਾਂ ਦੀ ਡਾਰ ਭਜ ਖਲੋਤੀ। 'ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ' ਬਾਬਾ ਤਾਂ ਰਾਜ਼ੀ ਬਾਜ਼ੀ ਪ੍ਰਮਾਤਮਾ ਦੇ ਘਰ ਨੂੰ ਚਲਾ ਗਿਆ। ਭਾਰੀ ਜਿਮੇਂਵਾਰੀ ਆਪਣੇ ਸਿਦਕੀ ਸੇਵਕ ਭਾਈ ਲਹਿਣਾ ਜੀ ਨੂੰ ਸੰਭਾਲ ਗਏ। ਭਾਈ ਲਹਿਣੇ ਜੀ ਨੇ ਸੇਵਾ ਸਿਖਾਈ। ਪੁਰਾਣੀਆਂ ਜਨਮ ਸਾਖੀਆਂ ਨੂੰ ਨਵੇਂ ਸਿਰਿਓਂ ਲਿਖਵਾਇਆ ਸਿਖਾਂ ਨੂੰ ਨਵੇਂ ਸਿਧਾਂਤ ਦਿਤੇ। ਗੁਰੂ ਅਮਰਦਾਸ ਜੀ ਨੇ ਪਾਣੀ ਦੀਆਂ ਗਾਗਰਾਂ ਢੋਅ ਢੋਅ ਕੇ ਗੁਰਗੱਦੀ ਪਰਾਪਤ ਕੀਤੀ। ਸੰਗਤ ਤੇ ਪੰਗਤ ਦਾ ਧੁਰਵਾ ਬੰਨਿਆ। ਉਹ ਦਰਸ਼ਨ ਹੀ ਉਸਨੂੰ ਦਿੰਦੇ ਸਨ ਜੋ ਪਹਿਲਾਂ ਲੰਗਰ ਵਿਚੋਂ ਪ੍ਰਸਾਦ ਛਕ ਲੈਂਦਾ ਸੀ। ਅਕਬਰ ਜਿਹੇ ਮਹਾਨ ਸਮਰਾਟ ਨੇ ਲੰਗਰ ਵਿਚੋਂ ਆ ਕੇ ਪ੍ਰਸਾਦ ਛਕਿਆ। ਚੌਥੇ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿਚ ਤਾਲ ਖੁਦਵਾਇਆ।

ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ'
ਚਲੀ ਪੀੜੀ ਸੋਢੀਆ ਰੂਪ ਵਿਖਾਵਣ ਬਾਰੋ ਬਾਰੀ।

ਗੁਰੂ ਅਰਜਨ ਦੇਵ ਜੀ ਨੇ ਤਤੀਆਂ ਤਵੀਆਂ ਤੇ ਆਸਣ ਜਮਾਏ 'ਤੇਰਾ ਕੀਆ ਮੀਠਾ ਲਾਗੇ' ਰਾਗ ਅਲਾਪੇ। ਆਪਣੇ ਲਈ ਤਾਕਤ ਪੈਦਾ ਕੀਤੀ। ਭਾਣੇ ਵਿਚ ਸ਼ਾਕਰ ਰਹਿਣ ਨਾਲ ਸਮਝੌਤਾ ਕੀਤਾ। ਆਪਨਾ ਆਪਾ ਵਾਰਿਆ ਚੜਦੀ ਕਲਾ ਦੇ ਸਿਖਰ ਪੈਦਾ ਕੀਤੇ। ਸ਼ਹੀਦੀ ਦਾ ਮੁਢਲਾ ਸਬਕ ਸਿਖਾਇਆ।

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।

ਦਾ ਮੁਢਲਾ ਸਬਕ ਸੀ। ਛੇਵੇਂ ਗੁਰੂ ਜੀ ਨੇ ਮੀਰੀ ਪੀਰੀ ਦਿਤੀ। ਸਤਵੇਂ ਗੁਰੂ ਜੀ ਨੇ ਸ਼ਾਂਤੀ ਤੇ ਅਹਿੰਸਾ ਨੂੰ ਵਰਤਿਆ। ਤਕੜੇ ਹੁੰਦਿਆ ਵੀ ਅਹਿੰਸਾ ਰਖੀ ਜਾ ਸਕਦੀ ਦਾ ਸਬਕ ਦਿਤਾ। ਅੰਠਵੇਂ ਗੁਰੂ ਜੀ ਨੇ ਸਾਬਤ ਕੀਤਾ ਛੋਟੀ ਵਡੀ ਉਮਰ ਦੇ ਖਿਆਲ ਭਰਮ ਹਨ। ਗੁਰਗੱਦੀ ਦੇ ਯੋਗ ਉਹ ਯੋਗਤਾ ਰਖਦਾ ਹੋਵੇ ਭਾਵੇਂ ਉਹ ਬਾਲਕ ਕਿਉਂ ਨਾ ਹੋਵੇ। ਜਥੇਬੰਦੀ ਦੀ ਨੀਂਹ ਅਸੂਲਾਂ ਉਤੇ ਰਖ ਦਿਤੀ। ਗੁਰੂ ਤੇਗ ਬਹਾਦਰ ਸਿੱਖੀ ਦੇ ਧਰਮ ਮੰਦਰ ਵਿਚ ਆਪਣਾ ਸੀਸ ਲੈ ਕੇ ਹਾਜ਼ਰ ਹੋਏ। ਉਹਨਾਂ ਸ਼ਹਾਦਤ ਦਾ ਕਾਂਡ ਫਿਰ ਦੁਹਰਾ ਦਿਤਾ। ਉਨ੍ਹਾਂ ਦੀ ਸ਼ਹਾਦਤ ਮਜ਼ਲੂਮਾਂ ਲਈ ਹੋਈ। ਦੂਜਿਆਂ ਲਈ ਆਪਾ ਵਾਰਨਾ ਸਿਖਾਇਆ। ਸੀਸ ਤਾਂ ਦੇ ਦਿਉ ਸਿਰੜ ਨਾ ਦਿਉ ਦਾ ਆਦਰਸ਼



www.AKJ.Org

ਆਦਰਸ਼ ਆਪਣੇ ਸਰੀਰ ਦਾ ਠੀਕਰਾ ਦਿਲੀ ਪਤੀ ਦੇ ਦਰਵਾਜ਼ੇ ਉਤੇ ਭੰਨ ਕੇ ਦਿਤਾ । ਸਿੱਖਾਂ ਨੂੰ ਦਸ ਦਿਤਾ ਕਿ ਜੇਕਰ ਉਹ ਜਿਊਣਾ ਲੋੜਦੇ ਹਨ ਉਨ੍ਹਾਂ ਨੂੰ ਸ਼ਸਤਰਧਾਰੀ ਹੋਣਾ ਪਵੇਗਾ। ਦਸਵੇਂ ਗੁਰੂ ਨੇ ਗੁਰੂ ਨਾਨਕ ਦੇ ਸਿੱਖ ਨੂੰ ਪੂਰਨ ਸਿੱਖ ਬਣਾਇਆ, ਇਸਨੂੰ ਆਧਰਸ਼ਕ ਤੇ ਮੁਕੰਮਲ ਇਨਸਾਨ ਬਨਾਣ ਲਈ ਹਰ ਦਾਅ ਤੇ ਪੇਚ ਸਿਖਾਏ । ਜਦੋਂ ਸਾਰੇ ਹੀਲੇ ਖ਼ਤਮ ਹੋ ਜਾਣ ਉਦੋਂ ਖੰਡਾ ਫੜਕੇ ਕੁਦ ਪੈਣ ਦਾ ਇਨਕਲਾਬੀ ਰਾਹ ਦਸਿਆ । ਇਸ ਰਾਹ ਦਾ ਅਮਲੀ ਸਿਖਰ ਚਮਕੌਰ ਸਾਹਿਬ ਹੈ। ਜ਼ਾਲਮ ਦੇ ਖਿਲਾਫ਼ ਖੁਲਮ ਖੁਲ੍ਹਾ ਲੜਾਈ । ਸ਼ੇਰ ਦੇ ਪੰਜੇ ਤਲਵਾਰ ਦੀ ਧਾਰ ਉਤੇ ਚਲ ਕੇ ਵਿਖਾਉਣਾ । ਆਪਣੇ ਮਿਸ਼ਨ ਨੂੰ ਸਿਰ ਚਾੜ੍ਹਨ ਲਈ ਅਪਣੇ ਘਰ ਘਾਟ ਨੂੰ ਵੀ ਲੇਖੇ ਲਾ ਦੇਣਾ । ਮਾਤਾ ਪਿਤਾ ਪੁਤਰਾਂ ਦੀਆਂ ਸ਼ਹਾਦਤਾਂ ਵੀ ਦੇਣ ਤੋਂ ਝਜਕ ਨਾ ਕਰਨਾ। ਸ਼ਹਾਦਤ ਦੇ ਮੋੜ ਤੇ ਆ ਕੇ ਸਿਖ ਧਰਮ ਪੂਰਨਤਾ ਨੂੰ ਜਾ ਪੁਜਦਾ ਹੈ । ਅੰਮ੍ਰਿਤ ਦਾ ਛਿੱਟਾ ਮਾਰ ਕੇ ਇਸ ਨੂੰ ਖਾਲਸਾ ਬਣਾ ਦਿਤਾ ਗਿਆ ਹੈ । ਇਹ ਸਚ ਮੁਚ ਸ਼ੇਰ ਦਾ ਰੂਪ ਹੈ। ਸਿੰਘ ਅਕਾਲ ਪੁਰਖ ਦਾ ਰੂਪ ਹੈ। ਗੁਰੂ ਸਾਹਿਬਾਨ ਦੇ ਪਾਏ ਆਦਰਸ਼ ਕੀ ਹਨ ? ਗੁਰੂ ਨਾਨਕ ਦੇ ਮੁਕੰਮਲ ਸਿਖ ਦਾ ਚਿਤਰ ਵਚਿਤਰਮਈ ਹੈ । ਇਹ ਵਿਰਾਟ ਸਰੂਪ ਹੈ। ਇਸ ਦੀ ਜਿੱਤ ਦੇ ਥਾਂ ਥਾਂ ਪੰਜੇ ਲਗੇ ਹਨ । ਗੁਰਮਤ ਪ੍ਰਕਾਸ਼ ਸਤੰਬਰ 1967 'ਚ ਲਿਖਿਆ ਹੈ—"ਸਿਖ ਦਾ ਸਚਖੰਡ ਸੰਗਤ ਹੈ । ਜਿਹੜਾ ਸਤਿਸੰਗਤ ਵਿਚ ਜਾ ਕੇ ਭੀ ਸਾਵਧਾਨ ਹੋ ਕੇ ਨਹੀਂ ਬੈਠਦਾ, ਮਨ ਨਹੀਂ ਜੋੜਦਾ, ਕੰਨ ਸ਼ਬਦ ਵਿਚ, ਅੱਖਗੁਰੂ ਦਰਸ਼ਨ ਵਿਚ ਅਤੇ ਸੁਰਤ ਸ਼ਬਦ ਵਿਚ ਨਹੀਂ ਲਾਉਂਦਾ । ਉਹ ਲੋਕ ਅਤੇ ਪਰਲੋਕ ਦੋਵੇਂ ਗੁਆ ਬੈਠਦਾ ਹੈ। ਸਿਖ ਦੀ ਵਡਿਆਈ ਪਦਵੀ ਕਰ ਕੇ ਨਹੀਂ, ਧਨ ਕਰਕੇ ਨਹੀਂ, ਕੇਵਲ ਆਚਰਨ ਕਰਕੇ ਉੱਚੀ ਹੈ । ਨਿਰਧਨ ਭਾਈ ਲਾਲੋ ਮਲਕ ਭਾਗੋ ਨਾਲੋਂ ਬਹੁਤ ਉੱਚਾ ਹੈ । ਸਿਖ ਸੰਗਤ ਵਿਚ ਜਾ ਕੇ ਮੱਥਾ ਟੇਕਦਾ ਹੈ, ਇਹ ਉਸਦੇ ਸਿਦਕ ਦੀ ਨਿਸ਼ਾਨੀ ਹੈ । ਭੋਗ ਪੈਣ ਤੇ ਸਿਖ ਫਿਰ ਮੱਥਾ ਟੇਕਦਾ ਹੈ, ਇਹ ਬਾਣੀ ਵਿਚ ਆਏ ਹੁਕਮਾਂ ਨੂੰ ਮੰਨਣ ਦਾ ਸੰਕੇਤ ਹੈ। ਸਿਖ ਸਿਦਕਵਾਨ ਹੋ ਕੇ ਗੁਰਬਾਣੀ ਸੁਣਦਾ ਹੈ, ਆਗਿਆਕਾਰ ਹੋ ਕੇ ਮੰਨਦਾ ਹੈ । ਜਾਣ ਲਗਿਆ ਆਗਿਆਕਾਰ ਹੋਣ ਦਾ ਪ੍ਰਮਾਣ ਦਿੰਦਾ ਹੈ । ਸਿਖ ਇਸ਼ਨਾਨੀ ਹੈ, ਉਹ ਦੋ ਵੇਲੇ ਸੁੰਦਰ ਕੇਸਾਂ ਨੂੰ ਵਾਹ ਸਵਾਰ ਕੇ ਸੁੰਦਰਤਾ ਵਧਾਉਂਦਾ ਹੈ। ਉਹ ਪੱਗ ਰੋਜ਼ ਚੁਣ ਕੇ ਬੰਨ੍ਹਦਾ ਹੈ। ਸਿਖ ਦੀ ਵਡਿਆਈ ਉਸਦੀ ਆਪਣੇ ਗੁਰੂਆਂ ਦੇ ਪੂਰਨਿਆਂ ਤੇ ਚਲਕੇ ਬਚਨ ਦੇ ਸੂਰਮੇ ਬਣਨਾ ਹੈ, ਜਿਹੜਾ ਸਿਖ ਬਚਨ ਨਹੀਂ ਪਾਲਦਾ ਉਹ ਹੋਰ ਕੁਝ ਹੋ ਸਕਦਾ ਹੈ, ਸਿਖ ਨਹੀਂ ਹੋ ਸਕਦਾ । ਸਿਖ ਨੂੰ ਗੁਰੂ ਨੇ ਪੂਰਨੇ ਪਾਕੇ ਦਸਿਆ—ਸਿਰ ਦੇ ਦਿਉ, ਸਿਰੜ ਨ ਦਿਉ। ਸਿਖ ਦਲਿੱਦਰੀ ਅਤੇ ਆਲਸੀ ਨਹੀਂ । ਉਸ ਦਾ ਮੰਜਾ ਢਿੱਲਾ ਨਹੀਂ ਹੁੰਦਾ । ਉਸਦਾ ਬਿਸਤਰਾ ਵਟੋ ਵਟ ਨਹੀਂ ਹੁੰਦਾ । ਉਹ ਬੈਠਦਾ ਨਹੀਂ, ਸਜਦਾ ਹੈ। ਉਹ ਖਾਂਦਾ ਨਹੀਂ ਛਕਦਾ ਹੈ । ਉਸ ਦਾ ਸੌਣਾ ਭੀ ਸਮਾਧੀ ਹੈ । ਗੁਰੂ ਭੁਲਣਾ ਉਸ ਲਈ ਵਿਜੋਗ ਹੈ, ਗੁਰੂ ਨੂੰ ਯਾਦ ਕਰਨਾ ਸੰਜੋਗ ਹੈ । ਸਿਖ ਸ਼ਸਤਰਾਂ ਦੀ ਪੂਜਾ ਕਰਦਾ ਹੈ । ਭੁਲ ਕੇ ਭੀ ਉਹ ਹਥਿਆਰਾਂ ਨੂੰ ਪੈਰ ਨਹੀਂ ਲਗਣ ਦਿੰਦਾ । ਸਿਖ ਤਲਵਾਰ ਦੀ ਪਵਿੱਤਰ ਪੂਜਾ ਕਰਦਾ ਹੈ । ਕੋਈ ਕੰਮ ਅਰੰਭ ਕਰੋ, ਗੁਰੂ ਅਗੇ ਅਰਦਾਸ ਕਰੋ। ਅਰਦਾਸ ਵਿਚ ਗੁਰੂ ਆਪ ਸ਼ਾਮਲ ਹੁੰਦਾ ਹੈ। ਕੰਮ ਨੂੰ ਨਿਰਵਿਘਨ ਪੂਰਾ ਕਰਨ ਦੀ ਜ਼ਿਮੇਂਵਾਰੀ ਗੁਰੂ ਆਪ ਲੈਂਦਾ ਹੈ । ਕੰਮ ਸੰਪੂਰਨ ਹੋਣ ਤੇ ਸਿਖ ਹੰਕਾਰ ਵਿਚ ਨਹੀਂ ਹੁੰਦਾ । ਜਿਵੇਂ ਖਾਲਸਾ ਮੈਦਾਨ ਵਿਚ ਵੈਰੀਆਂ ਨੂੰ ਮਾਰ ਕੇ ਫ਼ਤਹਿ ਪ੍ਰਾਪਤ ਕਰਦਾ ਹੈ ਤਿਵੇਂ ਅੰਦਰਲੇ ਪੰਜਾਂ ਉਤੇ ਕਾਬੂ ਪਾਉਂਦਾ ਹੈ। ਸਿੱਖ ਦੇ ਦਰਸ਼ਨ ਕਰਨ ਵਾਲੇ ਨੂੰ ਫ਼ਤਹ ਬੁਲਾਣ ਵਿਚ ਪਹਿਲ ਕਰਨੀ ਚਾਹੀਦੀ ਹੈ । ਸਿੱਖੀ ਅਮਲੀ ਜੀਵਨ ਹੈ, ਦਿਮਾਗੀ ਮੰਤਰ ਨਹੀਂ । ਗੁਰੂ ਦਾ ਸਿਖ ਗੁਰੂ ਦੇ ਗੁਰਦੁਆਰੇ ਬਣਾਉਂਦਾ ਹੈ,ਤਾਕਿ ਉਥੇ ਆਇਆ ਗਿਆ ਬਿਸਰਾਮ ਕਰੇ । ਸਤ ਸੰਗਤ ਦਾ ਪਰਵਾਹ ਚਲੇ । ਉਹ ਰਾਹ ਸਾਫ਼ ਕਰਦਾ ਹੈ, ਰਾਹ ਬਣਾਉਂਦਾ



www.AKJ.Org

ਹੈ । ਸਿਖ ਸਜਾਉਂਦਾ ਹੈ । ਸਿਖਾਂ ਦੇ ਮਾਮਲੇ ਸਿਖਾਂ ਵਿਚ ਬੈਠ ਕੇ ਨਜਿਠਦਾ ਹੈ । ਖਾਲਸਾ ਅਕਾਲ ਪੁਰਖ ਦੀ ਦੇਹ ਹੈ, ਜੋ ਮੰਗਣਾ ਹੈ ਖਾਲਸਾ ਜੀ ਤੋਂ ਮੰਗੋ । ਜੋ ਦੇਣਾ ਹੈ ਸਿਖ਼ ਨੂੰ ਦਿਉ । ਖਾਲਸਾ ਜੀ ਤੋਂ ਵਡਾ ਕੋਈ ਦੇਵਤਾ ਨਹੀਂ । ਰਹਿਰਾਸ ਵੇਲੇ ਗੁਰੂ ਹੁਕਮ ਨੂੰ ਪ੍ਰੀਤ ਨਾਲ ਪੜ੍ਹਨ ਵਾਲਾ ਗੁਰੂ ਨੂੰ ਮਿਲ ਪੈਂਦਾ ਹੈ । ਗੁਰੂ ਦਾ ਸਿਖ ਪ੍ਰਾਣੀ ਦਾ ਅੰਤ ਹੋਣ ਤੇ ਧਾਹਾਂ ਨਹੀਂ ਮਾਰਦਾ ਕੀਰਤਨ ਕਰਦਾ ਹੈ । ਪ੍ਰਸਾਦ ਵੰਡਦਾ ਹੈ । ਇਹ ਸਹਿਜ ਅਵਸਥਾ ਹੈ । ਧਰਮ ਕਿਰਤ ਕਰ ਕੇ ਦਸਵੰਧ ਦਿੰਦਾ ਹੈ । ਭਾਈ ਦਯਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ ਗੁਰੂ ਕਾ ਸਿੱਖ ਸ਼ਰਾਬ ਕਬੀ ਨ ਪੀਵੇ । ਆਪਣੇ ਗੁਰੂ ਬਿਨਾਂ ਹੋਰ ਨਾ ਜਾਣੇ । ਸਬੰਧੀਆਂ ਨੂੰ ਧਰਮ ਵਿਚ ਲਿਆਵੇ । ਗੁਰੂ ਕਾ ਸਿੱਖ ਗੋਰ, ਮੜੀ, ਸਤੀ, ਮਸੀਤ, ਮੁਲਾਂ, ਕਾਜ਼ੀ, ਬ੍ਰਾਹਮਣ ਆਦਿਕ ਨੂੰ ਨਾ ਮੰਨੇ । ਲੜਕੇ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਸਿਖਾਲੇ । ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਭੋਗ ਸਲੋਕਾਂ ਪਰ ਪਾਵੇ । ਪਿੰਡ ਵਿਚ ਇਕ ਅਸਥਾਨ ਸਾਧੂ ਸੰਗਤ ਦਾ ਬਣਾਵਣਾ । ਜਹਾਂ ਸਾਧੂ ਸੰਗਤ ਇਕਤਰ ਹੋਵੇ । ਆਯਾ ਗਯਾ ਬਿਸਰਾਮ ਕਰੇ । ਆਗਯਾ ਗੁਰੂ ਗਰੰਥ ਸਾਹਿਬ ਕੀ ਮੰਨਣੀ । ਅਮਲ ਪ੍ਰਸਾਦੇ ਦਾ ਰਖਣਾ । ਸ਼ਸ਼ਤਰ ਰਖਣੇ । ਰਣ ਮੇਂ ਪੀਠ ਨਹੀਂ ਦੇਣੀ । ਮਸੰਦਾਂ ਨੂੰ ਨਹੀਂ ਮੰਨਣਾ । ਖਾਲਸਾ ਹਿੰਦੂ ਮੁਸਲਮਾਨ ਸੇ ਨਿਆਰਾ ਰਹੇ । ਸਿੱਖ ਸੇ ਕੁਰਹਿਤ ਹੋ ਜਾਏ ਸਭ ਕੇ ਆਗੇ ਹਾਥ ਜੋੜ ਖੜਾ ਹੋਵੇ । ਤਨਖਾਹ ਲਗਵਾ ਕਰ ਬਖਸ਼ਾਵੇ । ਸਿਖ ਨੂੰ ਬਖਸ਼ਣੇ ਵਕਤ ਅੜੀ ਨਹੀਂ ਕਰਨੀ ਚਾਹੀਦੀ । ਸਿਖ ਕਲਫ ਖਿਜ਼ਾਬ ਨਾ ਲਗਾਵੇ ਜੋ ਲਗਾਵੇ ਸੋ ਤਨਖਾਹੀਆ । ਵੇਸਵਾ ਕਾ ਤਮਾਸ਼ਾ ਨਾ ਦੇਖੇ । ਸਿਖਾਂ ਦਾ ਮਾਮਲਾ ਸਿਖਾਂ ਵਿਚ ਨਿਬੜੇ । ਜੋ ਸਿਖਾਂ ਦੇ ਬਿਨਾਂ ਕਹੇ ਹਾਕਮ ਦੇ ਜਾਵੇ ਸੋ ਤਨਖਾਹੀਆ । ਬਚਨ ਕਹੇ ਸੇ ਮੁਕਰ ਜਾਵੇ ਸੋ ਤਨਖਾਹੀਆ । ਖੰਡੇ ਕੀ ਪਾਹੁਲ ਛਕੇ । ਟੋਪੀ ਪਹਿਨਣਾ ਗੁਲਾਮੀ ਦਾ ਚਿਨ੍ਹ ਹੈ । ਸਾਹਿਬ ਦਾ ਬਚਨ ਹੈ–

ਹੋਏ ਸਿਖ ਟੋਪੀ ਧਰੈ ਸਾਤ ਜਨਮ ਕੁਸ਼ਟੀ ਹੋਇ ਮਰੈ ।

ਹੁਕਾ ਗਾਂਜਾ ਚਰਸ ਤਮਾਕੂ,
ਅਰ ਬੀ ਤੋੜੀ ਗਾਂਜਾ ਖਾਕੂ ।
ਇਨ ਕੀ ਓਰ ਨਾ ਕਬਹੂੰ ਦੇਖਹਿ ।

ਗੁਰੂ ਨਾਨਕ ਦੇ ਸਿੱਖ ਰਹਿਤਾਂ ਦੀ ਪਾਲਣਾ ਕਰਦੇ ਆਏ ਹਨ । ਸ਼ਹੀਦ ਸੁਖਾ ਸਿੰਘ ਮਾੜੀ ਕੰਬੋ ਕੀ ਬਾਰੇ ਲਿਖਿਆ ਹੈ:–

ਪਿਆਸਨ ਖਾਤਰ ਮਸ਼ਕ ਉਠਾਵੈ ।
ਭੁਖਿਆਂ ਖਾਤਰ ਰਿਜ਼ਕ ਲਿਆਵੈ ।
ਥਕੇ ਸਿੰਘ ਕੀ ਚਾਪੀ ਕਰੈ ।
ਇਸ਼ਨਾਨ ਕਰਾਵੈ ਬਹੁ ਜਲ ਭਰੈ ।
ਕਛ ਨਚੋੜੇ ਪੈਰ ਧਵਾਏ ।
ਫੜ ਗੜਵਾ ਦਾਤਨ ਕਰਾਏ ।

ਗੁਰੂ ਨਾਨਕ ਦਾ ਸਿੱਖ ਕੀ ਕਰੇ ?

ਪਰ ਬੇਟੀ ਕੋ ਬੇਟੀ ਜਾਨੈ ।
ਪਰ ਇਸਤਰੀ ਕੋ ਮਾਤ ਬਖਾਨੈ ।

ਅਪਨੀ ਇਸਤਰੀ ਸਿਉਂ ਰਤ ਹੋਈ ।
ਰਹਿਤਵਾਨ ਗੁਰ ਕਾ ਸਿੰਘ ਸੋਈ ।

ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਪਰਾਈ ਇਸਤਰੀ ਦਾ ਸੰਗ ਇਸ ਤਨ੍ਹਾਂ ਹੈ ਜਿਵੇਂ ਫ਼ਨੀਅਰ ਸੱਪ ਦਾ ਸੰਗ ਹੈ । ਪਰਾਈ ਇਸਤਰੀ ਦਾ ਸੰਗ ਜਿਸ ਨੇ ਕਰ ਲਿਆ ਸਮਝੋ ਆਪਣੇ ਗਲ ਛੁਰੀ ਪਾ ਲਈ ।

ਪਰ ਨਾਰੀ ਸਿਉ ਨੇਹੁ ਛੁਰੀ ਪਹਿਰੀ ਗਲ ਜਾਨੋ ।

ਆਪਣੀ ਇਸਤਰੀ ਨਾਲ ਭਾਵੇਂ ਕਿੰਨਾ ਪਿਆਰ ਕਰੇ । ਪਰਾਈ ਇਸਤਰੀ ਦੀ ਸੇਜ ਭੁਲ ਕੇ ਸੁਪਨੇ ਵਿਚ ਭੀ ਨਾ ਜਾਓ । ਗੁਰੂ ਦਸਮੇਸ਼ ਜੀ ਨੂੰ ਉਹਨਾਂ ਦੇ ਪਿਤਾ ਦੀ ਇਹ ਤਾਕੀਦ ਸੀ :—

ਨਿਜ ਨਾਰੀ ਕੇ ਸਾਥ ਤੁਮ ਨੇਹੁ ਨਿਤ ਬਢੀਅਹੁ ।
ਪਰ ਨਾਰੀ ਕੀ ਸੇਜ ਭੁਲ ਸੁਪਨੇ ਹਉ ਨ ਜਈਅਹੁ ।

ਗੁਰੂ ਨਾਨਕ ਦਸਮੇਸ਼ ਪਿਤਾ ਦੇ ਸਿਖ ਲਈ ਆਪਣੇ ਤੋਂ ਵਡੀਆਂ ਇਸਤਰੀਆਂ ਮਾਵਾਂ ਦੇ ਸਮਾਨ ਹਨ । ਛੋਟੀਆਂ ਬੱਚੀਆਂ ਦੇ ਸਮਾਨ ਅਤੇ ਬਰਾਬਰ ਦੀਆਂ ਭੈਣਾਂ ਦੇ ਸਮਾਨ । ਗੁਰੂ ਨਾਨਕ ਦੇ ਸਿਖ ਦਾ



www.AKJ.Org

ਈਮਾਨ ਨਹੀਂ ਡੋਲਣਾ ਚਾਹੀਦਾ। ਇਹ ਜਿਸ ਬੇੜੇ ਤੇ ਚੜ੍ਹੇ ਚੰਗੀ ਤਰ੍ਹਾਂ ਚੜ੍ਹੇ। ਹੋਰ ਅਨੇਕਾਂ ਪੰਥਾਂ ਵਿਚ ਨਾ ਭਰਮੇ। ਪਹਿਰ ਰਾਤ ਰਹਿੰਦੀ ਇਸ਼ਨਾਨ ਕਰੇ। ਸਿਖ ਹੋ ਕੇ ਕਰਜ਼ ਨਾ ਲਏ। ਸੱਚ ਵੀ ਤਿਆਗਣਾ ਪੈਂਦਾ ਹੈ ਜਿਵੇਂ ਕਿਸੇ ਸਰਨ ਜਾਚਕ ਗਊ ਦੇ ਪਿਛੇ ਆ ਰਹੇ ਕਸਾਈ ਨੂੰ ਗਊ ਦਾ ਪਤਾ ਨਾ ਦੇਣਾ। ਇਥੇ ਕੂੜ ਬੋਲਣਾ ਹੀ ਠੀਕ ਹੈ। ਸਿਖ, ਕਾਜ਼ੀ ਮੁਲਾਂ ਬ੍ਰਾਹਮਣਾਂ ਨੂੰ ਨਾ ਮੰਨੇ। ਜਗਤ ਜੂਠ ਤਮਾਕੂ ਦੇ ਨੇੜੇ ਨਾ ਜਾਵੇ, ਨੰਗੇ ਸਿਰ ਨਾ ਰਹੇ, ਲਾਲ ਕਸੁੰਭੇ ਰੰਗ ਦੇ ਕਪੜੇ ਨਾ ਪਹਿਨੇ। ਮਾਇਆ ਵਿਚ ਉਦਾਸ ਰਹੇ, ਤੁਰਕ ਦਾ ਵਸਾਹ ਨ ਕਰੇ, ਸਿਖ ਦਾ ਅੱਧਾ ਨਾਮ ਨ ਲਏ। ਕੇਸ ਖੁਲੇ ਨਾ ਰਖੇ, ਕੁਸੰਗੀਆਂ ਤੋਂ ਬਚੇ। ਵਿਭਚਾਰ ਤੋਂ ਦੂਰ ਰਹੇ। ਪ੍ਰਸ਼ਾਦ ਛਕਣ ਲਗਿਆਂ ਪੰਗਤ ਵਿਚੋਂ ਨ ਉਠੇ ਜੇ ਇਕ ਵਾਰ ਵਿਚੋਂ ਉਠੇ ਫਿਰ ਦੂਜੀ ਵਾਰ ਨਾ ਛਕੇ। ਰਿਸ਼ਤੇ ਬਿਨਾਂ ਜਾਤ ਗੋਤ ਦੇ ਕਰੇ। ਭੇਖੀ ਲੋਕਾਂ ਦੀ ਬਾਣੀ ਤਜੇ, ਸੰਤਾਂ ਦੀ ਟਹਿਲ ਕਰੇ। ਕੇਸ ਗੁਰੂ ਦੀ ਮੋਹਰ ਹਨ, ਕੇਸਾਂ ਨੂੰ ਅਖੰਡ ਰਖੇ। ਕੇਸਾਂ ਦਾ ਬੁਰਾ ਨਾ ਮੰਗੇ।

ਗੁਰੂ ਰਾਮਦਾਸ ਜੀ ਨੇ ਸਿਖ ਦਾ ਨਿਤਾਪ੍ਰਤੀ ਧਾਰਮਕ ਜੀਵਨ ਦਾ ਨਕਸ਼ਾ ਇਉਂ ਖਿਚਿਆ ਹੈ:—

ਗੁਰ ਸਤਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਦਿਵਸ ਚੜੈ ਗੁਰਬਾਣੀ ਗਾਵੈ।
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।

ਭਾਈ ਗੁਰਦਾਸ ਜੀ ਅਨੁਸਾਰ ਸਿਖ ਦਾ ਪਵਿਤਰ ਕਰਮ ਹੈ:—

ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ।

ਭਾਈ ਗੁਰਦਾਸ ਜੀ ਉਹਨਾਂ ਸਿਖਾਂ ਤੋਂ ਸਦਕੇ ਜਾਂਦੇ ਹਨ ਜੋ ਪਿਛਲ ਰਾਤੀ ਉਠ ਕੇ ਸਿਮਰਨ ਕਰਦੇ ਹਨ। ਇਸਨਾਨ ਸੋਧਦੇ ਹਨ। ਇਕ ਮਨ ਹੋਕੇ ਜਾਪ ਕਰਦੇ ਹਨ। ਗੁਰਪੁਰਬ ਮਨਾਉਂਦੇ ਹਨ—

ਕੁਰਬਾਣੀ ਤਿਨਾ ਗੁਰਸਿਖਾ ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨਾ ਗੁਰਸਿਖਾ ਅੰਮ੍ਰਿਤੁ ਵੇਲੈ ਸਰਿ ਨਾਵੰਦੇ।
ਕੁਰਬਾਣੀ ਤਿਨਾ ਗੁਰਸਿਖਾ ਹੋਇ ਇਕ ਮਨਿ ਗੁਰ ਜਾਪੁ ਜਪੰਦੇ।
ਕੁਰਬਾਣੀ ਤਿਨਾ ਗੁਰਸਿਖਾ ਸਾਧਸੰਗਤਿ ਚਲਿ ਜਾਇ ਜੁੜੰਦੇ।
ਕੁਰਬਾਣੀ ਤਿਨਾ ਗੁਰਸਿਖਾ ਗੁਰਬਾਣੀ ਨਿਤ ਗਾਇ ਸੁਣੰਦੇ।
ਕੁਰਬਾਣੀ ਤਿਨਾ ਗੁਰਸਿਖਾ ਮਨ ਮੇਲੀ ਕਰ ਮੇਲਿ ਮਿਲੰਦੇ।
ਕੁਰਬਾਣੀ ਤਿਨਾ ਗੁਰਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ।
ਗੁਰ ਸੇਵਾ ਫਲੁ ਸੁਫਲੁ ਫਲੰਦੇ।

ਮਰਦਾਨੇ ਕਿਹਾ ਤਿੰਨ ਬਾਤਾਂ ਤੂੰ ਕਰ—

ਇਕ ਸਿਰ ਤੇ ਕੇਸ ਰਖਣੇ। ਦੂਜਾ ਪਿਛਲ ਰਾਤੀਂ ਸਤਿਨਾਮ ਜਪਣਾ। ਤੀਜੇ ਸਾਧ ਸੰਗਤ ਆਉਂਦੇ ਜਾਂਦੇ ਦੀ ਸੇਵਾ ਕਰਨੀ।

(ਗਿਆਨ ਰਤਨਾਵਲੀ)

ਸਿਖ ਰਾਜਾ ਹੋ ਕੇ ਨਿਰਧਨਾਂ ਨੂੰ ਪਾਲਦਾ ਹੈ। ਇਹ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਇਹ ਖਾਲਕ ਨੂੰ ਖਲਕਤ ਵਿਚ ਵੇਖਦਾ ਹੈ। ਇਹ ਦੁਸ਼ਟਾਂ ਦੀ ਦਸਾਹੀ ਕਰਦਾ ਹੈ। ਇਹ ਮਨ ਦੇ ਘੋੜੇ ਤੇ ਸੁਆਰ ਹੁੰਦਾ ਹੈ। ਇਸ ਦੀਆਂ ਵਾਗਾਂ ਖਿਚ ਕੇ ਰਖਦਾ ਹੈ। ਇਸ ਦੀ ਜਿਤ ਗੁਰੂ ਦੀ ਜਿਤ ਹੈ। ਇਹ ਪ੍ਰਭੂ ਦੀ ਸੈਨਾ ਹੈ। ਖਾਲਸਾ ਆਪਣੇ ਹਥਿਆਰ ਨੂੰ ਹਰ ਵੇਲੇ ਲਿਸ਼ਕਾ ਕੇ ਰਖਦਾ ਹੈ। ਕਦੇ ਵੀ ਜੰਗ ਨਹੀਂ ਲੱਗਣ ਦਿੰਦੇ। ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਗਰੇ ਦੇ ਕਿਲੇ ਵਿਚ ਪੁਛਿਆ—

ਪੀਰ ਜੀ ਮਜ਼ੁਬ ਤੁਮਾਰਾ ਖੂਬ ਕੇ ਹਮਾਰਾ ਖੂਬ।

ਪੰਥ ਦੇ ਵਾਲੀ ਹੱਸ ਪਏ, ਬੋਲੇ—

ਤੁਮ ਕੋ ਤੁਮਾਰਾ ਖੂਬ ਹਮ ਕੋ ਹਮਾਰਾ ਖੂਬ।

ਗੁਰੂ ਬਾਬੇ ਨੂੰ ਹਾਜੀਆਂ ਪੁਛਿਆ—

ਹੇ ਫਕੀਰ ਤੂੰ ਹਿੰਦੂ ਏਂ ਕਿ ਮੁਸਲਮਾਨ।

ਗੁਰੂ ਬਾਬੇ ਆਖਿਆ—ਨ ਮੈਂ ਹਿੰਦੂ ਨ ਮੁਸਲਮਾਨ।*



www.AKJ.Org

# ਗੁਰੂ ਨਾਨਕ ਸਾਹਿਬ ਦੇ ਸਿਧਾਂਤ

( ਵਲੋਂ–ਪ੍ਰੋ. ਪਿਆਰਾ ਸਿੰਘ ਜੀ ਪਦਮ, ਪਟਿਆਲਾ )

ਬਾਬੇ ਨਾਨਕ ਦੀ ਸਭ ਤੋਂ ਵੱਡੀ ਮਿਹਰਬਾਨੀ, ਗੁਰਬਾਣੀ ਹੈ। ਗੁਰੂ ਜੀ ਦਾ ਰੂਹਾਨੀ ਨਾਦ ਹੀ ਉਹਨਾਂ ਦੀ ਅਮਰ ਯਾਦ ਹੈ ਤੇ ਪਵਿਤਰ ਪ੍ਰਸਾਦਿ ਹੈ। ਪੁਰਾਣੇ ਭਾਰਤ ਵਿਚ ਅਨੀਸ਼ਵਰਵਾਦੀ ਯੋਗੀ ਤਾਂ ਤ੍ਰਿਲੋਕਨਾਦ ਦੇ ਮੁਦਈ ਸਨ ਤੇ ਈਸ਼ਵਰਵਾਦੀ ਬ੍ਰਾਹਮਣ ਵੇਦ ਦੇ ਅਤੇ ਨਵੇਂ ਬਣੇ ਮੋਮਨ ਕੁਰਾਨ ਨੂੰ ਹੀ ਈਮਾਨ ਦੀ ਕਿਤਾਬ ਮੰਨਦੇ ਸਨ ਪਰ ਪੰਦ੍ਰਵੀਂ, ਸੋਲ੍ਹਵੀਂ ਸਦੀ ਸਮੇਂ ਭਾਰਤੀ ਜਨਤਾ ਨਾ ਵੇਦਾਂ ਦੀ ਸੰਸਕ੍ਰਿਤ ਸਮਝ ਸਕਦੀ ਸੀ ਤੇ ਨਾ ਕੁਰਾਨ ਦੀ ਅਰਬੀ। ਰਹੱਸਵਾਦੀ ਸੰਤਾਂ ਤੇ ਗੁਰੂਆਂ ਲੋਕ ਭਾਸ਼ਾ ਵਿਚ ਉਚੇਰੇ ਅਧਿਆਤਮਕ ਗਿਆਨ ਨੂੰ ਨਵੇਂ ਯੁਗ ਦਾ ਵੇਦ ਕਰਾਰ ਦਿਤਾ ਤੇ ਆਖਿਆ :—

ਸਭ ਨਾਦ ਵੇਦ ਗੁਰਬਾਣੀ।
ਮਨਿ ਰਾਤਾ ਸਾਰਿੰਗ ਪਾਣੀ।

ਅਸੀਂ ਗੁਰੂ ਸਾਹਿਬਾਂ ਦੀ ਯਾਦ ਮਨਾਉਂਦੇ ਹਾਂ ਉਹਨਾਂ ਦੀਆਂ ਸਾਖੀਆਂ ਦੁਹਰਾਉਂਦੇ ਹਾਂ ਪਰ ਗੁਰੂ ਨਾਨਕ ਸਾਹਿਬ ਦੀ ਕੋਈ ਮਾਦੀ ਨਿਸ਼ਾਨੀ ਸਾਡੇ ਪਾਸ ਨਹੀਂ–ਨ ਚਿਤਰ, ਨ ਬਸਤਰ, ਨ ਰਬਾਬ, ਨ ਕਿਤਾਬ। ਉਹਨਾਂ ਦੀ ਇਕੋ ਇਕ ਯਾਦਗਾਰੀ ਚੀਜ਼ ਸਾਡੇ ਪਾਸ ਹੈ, ਉਹ ਗੁਰੂ ਕਾ ਸ਼ਬਦ ਹੈ ਜਿਸ ਦਾ ਸਾਨੀ ਕੋਈ ਨਹੀਂ। ਸਾਰੀ ਸਿਖ ਵਿਚਾਰਧਾਰਾ ਦੀ ਇਹ ਬੁਨਿਆਦ ਇਹ 'ਸ਼ਬਦ' ਹੈ, ਇਹੋ ਜੋਤ ਹੈ ਜਿਸ ਨੇ ਅੰਧਕਾਰ ਯੁਗ ਨੂੰ ਰੁਸ਼ਨਾਇਆ। ਇਹੋ ਅੱਜ ਦੇ ਸ਼ੰਕਿਆਂ ਅਵਿਸ਼ਵਾਸ਼ਾਂ ਤੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਸਮਰੱਥ ਹੈ, ਲੋੜ ਹੈ ਅਸੀਂ ਇਸ ਸ਼ਬਦ ਦੇ ਦੀਵੇ ਨੂੰ ਅੰਦਰ ਜਗਾਈਏ ਤੇ ਗੁਰੂ ਵਿਚਾਰਧਾਰਾ ਦੇ ਮੂਲ ਸੋਮੇ ਨਾਲ ਸਾਂਝ ਪਾਈਏ।

ਗੁਰ ਕਾ ਸਬਦੁ ਕਰਿ ਦੀਪਕੋ ॥

ਗੁਰੂ ਨਾਨਕ ਵਿਚਾਰਧਾਰਾ ਜ਼ਿੰਦਗੀ ਦਾ ਸੰਜੋਗ ਰਚਨਾਵਲੀ ਹੈ। ਇਹ ਦਾਰਸ਼ਨਿਕ ਨਿਖੇੜ ਜਾਂ ਵੰਡ ਤੇ ਅਧਾਰਤ ਨਹੀਂ ਅਧਿਆਤਮਕ ਤੇ ਭਾਵਆਤਮਕ ਏਕਤਾ ਇਸ ਦਾ ਮੂਲ ਆਧਾਰ ਹੈ। ਰਹੱਸਵਾਦੀ ਮਹਾਂਪੁਰਸ਼ਾਂ ਦੇ ਸਨਮੁਖ ਇਹ ਰਿਹਾ ਹੈ ਕਿ ਜ਼ਿੰਦਗੀ ਦਾ ਪਰਮੇਸ਼ਰ ਨਾਲ ਤੇ ਮਨੁਖਾਂ ਦਾ ਪਰਸਪਰ ਸੰਜੋਗ ਸ੍ਰਿਜਿਆ ਜਾਵੇ। ਭਾਰਤ ਦੀ ਆਸਤਿਕ ਵਿਚਾਰਧਾਰਾ ਐਸੀ ਸੀ ਜੋ ਇਕ ਪਾਸੇ ਜੋੜਦੀ ਪਰ ਦੂਜੇ ਪਾਸੇ ਤੋੜਦੀ ਸੀ। ਅਧਿਆਤਮਕ ਚਿੰਤਕ ਲੋਕ ਜੀਵਨ ਤੋਂ ਉਪਰਾਮ ਰਹਿਣ ਨੂੰ ਤਰਜੀਹ ਦਿੰਦੇ ਸਨ,

---

* ਕਹੁ ਨਾਨਕ ਗੁਰ ਖੋਏ ਭਰਮ।
ਏਕੋ ਅਲਹੁ ਪਾਰਬ੍ਰਹਮ।

ਸਿਖ ਨੂੰ ਆਪਣੇ ਗੁਰੂ ਦੇ ਬਚਨ ਪਾਲਣੇ ਚਾਹੀਦੇ ਹਨ। ਥੋਥੇ ਫ਼ਿਲਾਸਫ਼ਰਾਂ ਮਗਰ ਨਹੀਂ ਚਲਣਾ ਚਾਹੀਦਾ।

ਕਰਹਿ ਬਚਨ ਜੋ ਪਾਲਹਿ ਨਾਂਹਿ।
ਗੋਬਿੰਦ ਸਿੰਘ ਤਿਸ ਠੌਰ ਨਾ ਠਾਂਹਿ।

ਗੁਰ ਸਿਖ ਮੀਤ ਚਲਹੁ ਗੁਰ ਚਾਲੀ।
ਜੋ ਗੁਰ ਕਹੈ ਸੋ ਭਲਾ ਕਰ ਮਾਨੋ
ਹਰ ਹਰ ਕਥਾ ਨਿਹਾਲੀ।

ਸਿਖ ਨੂੰ ਗੁਰੂ ਦੀਆਂ ਝਿੜਕਾਂ ਲੋੜੀਆਂ ਹਨ।

ਜੇ ਗੁਰ ਝਿੜਕੇ ਤਾ ਮੀਠਾ ਲਾਗਹਿ
ਬਖਸੇ ਤਾ ਗੁਰ ਵਡਿਆਈ।



www.AKJ.Org

ਇਸ ਤੋਂ ਉਲਟ ਜੋ ਅਨੀਸ਼ਵਰਵਾਦੀ ਸਨ, ਉਹ ਰੱਬੀ ਸੰਜੋਗ ਕੋਈ ਉਦੇਸ਼ ਹੀ ਨਹੀਂ ਸੀ ਮੰਨਦੇ। ਸੋ ਆਸਤਿਕ ਤੇ ਨਾਸਤਿਕ ਵਿਚਾਰਧਾਰਾ ਇਕ ਦੂਜੇ ਦੀਆਂ ਵਿਰੋਧੀ ਸਨ, ਇਕ ਸੰਸਾਟਵਾਦੀ ਸੀ ਪ੍ਰਮੇਸ਼ਰਵਾਦੀ ਨਹੀਂ ਸੀ। ਦੂਜੀ ਪ੍ਰਮੇਸ਼ਰਵਾਦੀ ਇਤਨੀ ਸੀ ਕਿ ਸੰਸਾਰੀ ਜੀਵਨ ਨੂੰ ਤਿਲਾਂਜਲੀ ਦਿੰਦੀ ਸੀ। ਗੁਰੂ ਨਾਨਕ ਚਿੰਤਨ ਦੀ ਇਹ ਮੌਲਕ ਵਿਸ਼ੇਤਸ਼ਾ ਹੈ ਕਿ ਅਧਿਆਤਮਵਾਦ ਨਾਲ ਉਪਰੋਕਤ ਹੁੰਦੀ ਸਮਾਜਕ ਜੀਵਨ ਤੋਂ ਉਪਰਾਮਤਾ ਨਹੀਂ ਸਿਖਾਉਂਦੀ ਸਗੋਂ ਜੀਵਨ ਸੰਗਰਾਮ ਵਿਚ ਕਰਮਯੋਗੀ ਬਲ ਨਾਲ ਜੂਝਣ ਲਈ ਪ੍ਰੇਰਨਾ ਦੇਂਦੀ ਹੈ। ਗੁਰੁ ਸਾਹਿਬ ਇਸ ਗੱਲ ਲਈ ਭਲੀ ਭਾਂਤ ਚੇਤਨ ਸਨ ਕਿ ਆਤਮਕ ਵਿਕਾਸ ਪੂਰੀ ਤਰ੍ਹਾਂ ਸੰਭਵ ਨਹੀਂ ਜਿਤਨਾ ਚਿਰ ਸਮਾਜਕ ਸੰਸਕ੍ਰਿਤ ਤੇ ਰਾਜਸੀ ਪਹਿਲੂਆਂ ਨੂੰ ਧਿਆਨ ਗੋਚਰਾ ਨਾ ਕੀਤਾ ਜਾਵੇ। ਸਿਮਰਨ ਤੇ ਬੰਦਗੀ ਦੀ ਗੱਲ ਤਾਂ ਭਗਤੀ ਲਹਿਰ ਦੇ ਸਾਰੇ ਸੰਤ ਸਾਧੂ ਹੀ ਕਰਦੇ ਸਨ ਪਰ ਸੰਸਾਰ ਵਲੋਂ ਉਪਰਾਮ ਚਿਤ ਹੋ ਕੇ, ਪਰ ਗੁਰੂ ਨਾਨਕ ਸਾਹਿਬ ਨੇ ਸੰਸਾਰਕ ਕਰਤੱਵਾਂ ਦੀ ਪਾਲਣਾ ਕਰਦਿਆਂ ਭਗਤੀ ਕਰਨ ਦੀ ਪ੍ਰੇਰਨਾ ਕੀਤੀ।

ਮਨੁਖ ਇਕ ਸਮਾਜਕ ਜੀਵ ਹੈ, ਇਸ ਦੇ ਜੀਵਨ-ਨੇਮ ਅਜੇਹੇ ਹਨ ਸੋਚੇ ਹੀ ਨਹੀਂ ਜਾ ਸਕਦੇ ਜੋ ਇਸ ਨੂੰ ਅਲਗ ਥਲਗ ਕਰਕੇ ਵਿਕਾਸ ਦਾ ਪੂਰਾ ਮਾਰਗ ਦਿਖਾ ਸਕਨ। ਸੋ ਸੰਪੂਰਨ ਮਨੁਖੀ ਵਿਕਾਸ ਲਈ ਸਮਾਜਕ ਯੋਜਨਾ ਬੰਦੀ ਨਿਹਾਇਤ ਜ਼ਰੂਰੀ ਸੀ, ਇਸ ਨੂੰ ਸਨਮੁਖ ਰਖਕੇ ਹੀ ਗੁਰੂ ਸਾਹਿਬ ਨੇ ਆਪਣੀ ਨਵੀਂ ਵਿਚਾਰ ਧਾਰਾ ਪ੍ਰਚਾਰੀ। ਇਸ ਵਿਚ ਜਿਥੇ ਮਨੁਖ ਦੇ ਵਿਅਕਤੀ ਗਤ ਵਿਕਾਸ ਲਈ ਸੇਧ ਮਜੂਦ ਸੀ ਉਥੇ ਸਮਾਜਕ ਵਿਕਾਸ ਦੇ ਵੀ ਮੂਲ ਬੀਜ ਮੌਜੂਦ ਸਨ, ਜਿਸ ਰਾਹੀਂ ਇਕ ਸੰਸਾਰ ਬਗੀਚੇ ਨੂੰ ਹਰ ਤਰ੍ਹਾਂ ਪ੍ਰਫੁਲਤ ਕੀਤਾ ਜਾ ਸਕਦਾ ਸੀ। ਜਿਥੇ ਪੁਰਾਣੇ ਮਜ਼ਬਾਂ ਦੀਆਂ ਖੂਬੀਆਂ ਨੂੰ ਇਕ ਮਾਲਾ ਵਿਚ ਪਰੋਇਆ ਉਥੇ ਉਹਨਾਂ ਧਾਰਮਕ ਖੇਤਰ ਵਿਚ ਪ੍ਰਚਲਤ ਗਲਤ ਵਿਸ਼ਵਾਸ਼ਾਂ ਤੇ ਕੱਚੇ ਸਾਧਨਾਂ ਦੀ ਵੀ ਘੋਖ ਪੜਤਾਲ ਕੀਤੀ ਤਾਂ ਕਿ ਨਵੇਂ ਜਗਿਆਸੂਆਂ ਨੂੰ ਟੋਇਆਂ ਤੋਂ ਬਚਾ ਕੇ ਸਹੀ ਤੇ ਨਰੋਈ ਸੇਧ ਦਿਤੀ ਜਾ ਸਕੇ।

(੧) ਗੁਰੂ ਨਾਨਕ ਅਦ੍ਵੈਤਵਾਦੀ ਸਨ, ਇਸ ਲਈ ਉਹਨਾਂ ਇਕ ਪਰਮੇਸ਼ਰ ਨੂੰ ਸਭ ਕੁਝ ਕਰਨ ਕਰਾਵਣ ਹਾਰ ਮੰਨਿਆ ਤੇ ਉਸ ਦੀ ਪੂਜਾ ਭਗਤੀ ਉਤੇ ਜ਼ੋਰ ਦਿਤਾ ਅਤੇ ਕਲਪਿਤ ਦੇਵਤਿਆਂ ਤੇ ਅਵਤਾਰਾਂ ਦੀ ਪੂਜਾ ਦੀ ਮਨਾਹੀ ਕੀਤੀ। ਮਹਾਂਵਾਕ ਹੈ

ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥

ਉਹ ਕਿਸ ਤਰ੍ਹਾਂ ਦਾ ਹੈ, ਇਸ ਦਾ ਚਿਤਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ' ਕਹਿ ਕੇ ਅੰਕਿਤ ਕੀਤਾ। ਸਪਸ਼ਟ ਹੈ ਕਿ ਗੁਰੂ ਸਾਹਿਬ ਨੂੰ ਜੂਨੀਆਂ ਤੇ ਕਾਲ ਚਕਰ ਵਿਚ ਆਉਣ ਵਾਲੇ ਵਿਅਕਤੀਆਂ ਦੀ ਪੂਜਾ ਪ੍ਰਵਾਣ ਨਹੀਂ, ਉਹ ਕੇਵਲ ਇਕ ਸਦੈਵੀ ਪਰਮਸੱਤਾ ਦੀ ਪੂਜਾ ਹੀ ਯੋਗ ਤੇ ਲੋੜੀਂਦੀ ਕਰਾਰ ਦਿੰਦੇ ਹਨ, ਬਾਕੀ ਸਭ ਫਜ਼ੂਲ।

ਖਸਮ ਛੋਡਿ ਦੂਜੈ ਲਾਗੇ ਡੂਬੇ ਸੇ ਵਣਜਾਰਿਆ ॥

(੨) ਕਈ ਭਾਰਤੀ ਚਿੰਤਕ 'ਮਾਇਆ' ਦੀ ਵਖਰੀ ਹਸਤੀ ਮੰਨਕੇ ਤੇ ਸ੍ਰਿਸ਼ਟੀ ਨੂੰ ਇਸੇ ਦੀ ਖੇਡ ਦਸਦੇ ਹਨ। ਵੇਦਾਂਤ, ਬ੍ਰਹਮ ਨੂੰ 'ਅਕਰਤਾ' ਦਸ ਕੇ ਸੰਸਾਰ ਨੂੰ ਮਾਇਆ ਦਾ ਪਸਾਰਾ ਮੰਨਦਾ ਹੈ, ਇਸੇ ਤਰ੍ਹਾਂ ਸਾਂਖ ਵੀ ਜਗਤ ਨੂੰ ਪ੍ਰਕ੍ਰਿਤੀ ਦਾ ਖੇਲ ਕਹਿੰਦਾ ਹੈ। ਸਾਮੀ ਸਿਧਾਂਤਾਂ ਵਿਚ ਬਦੀ ਨੂੰ ਜਨਮ ਦੇਣ ਵਾਲਾ ਵੱਖਰਾ ਦੇਵਤਾ (ਸ਼ੈਤਾਨ) ਮੰਨਿਆ ਹੈ ਪਰ ਗੁਰੂ ਸਾਹਿਬ ਨੂੰ ਇਹ ਪ੍ਰਵਾਨ ਨਹੀਂ। ਉਹ ਸਾਰੀ ਸ੍ਰਿਸ਼ਟੀ ਰੱਬੀ ਹੁਕਮ ਦਾ ਕ੍ਰਿਸ਼ਮਾਂ ਮੰਨਦੇ ਤੇ ਮਾਇਆ ਯਾ ਸ਼ੈਤਾਨ ਨੂੰ ਇਸੇ ਖੇਡ ਦਾ ਭਾਗ ਕਹਿੰਦੇ ਹਨ।

ਕੀਤਾ ਪਸਾਉ ਏਕੋ ਕਵਾਉ।
ਤਿਸਤੇ ਹੋਏ ਲਖ ਦਰਿਆਉ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।



www.AKJ.Org

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ।
ਬਾਝੁ ਕਲਾ ਆਡਾਣੁ ਰਹਾਇਆ।
ਬ੍ਰਹਮਾ ਬਿਸਨੁ ਮਹੇਸੁ ਉਪਾਏ।
ਮਾਇਆ ਮੋਹੁ ਵਧਾਇਦਾ।

ਭਰਮ ਉਪਾਇ ਭੁਲਾਈਅਨੁ ਆਪੇ
ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ।

ਇਕ ਸਵਾਲ ਇਹ ਵੀ ਹੈ ਕਿ ਉਹ ਪਰਮ ਸੱਤਾ ਹੈ ਕਿਥੇ। ਕੋਈ ਉਸਨੂੰ ਸਤਵੇਂ ਅਸਮਾਨ ਵਿਚ ਤੇ ਕੋਈ ਉਸ ਨੂੰ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜਾ ਤੇ ਬਿਰਾਜਮਾਨ ਦਸਦਾ ਹੈ। ਗੁਰੂ ਜੀ ਉਸਨੂੰ ਸਰਬ ਵਿਆਪਕ ਮੰਨਦੇ ਜੋ ਸ੍ਰਿਸ਼ਟੀ ਦੇ ਕਣ ਕਣ ਵਿਚ ਰਮੀ ਹੋਈ ਹੈ—

ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨ ਜਾਈ ਲਖਿਆ।
ਜਾਤ ਮਹਿ ਜੋਤਿ ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰ ਰਹਿਆ।

ਤੇ ਉਹ ਪ੍ਰਭੂ ਪ੍ਰੇਮ ਰੂਪ ਹੈ—

ਆਪੇ ਪ੍ਰੀਤਿ ਪ੍ਰੇਮ ਪਰਮੇਸਰ ਕਰਮੀ ਮਿਲੈ ਵਡਾਈ।

(੩) ਹਰ ਇਸ਼ਟ ਦੀ ਪ੍ਰਸੰਨਤਾ ਲਈ ਵਖੋ ਵਖ ਕਰਮ ਕਾਂਡ ਯਾ ਪੂਜਾ ਪਾਠ ਪ੍ਰਚਲਤ ਹਨ ਪ੍ਰੰਤੂ ਗੁਰੂ ਜੀ ਉਸ ਪਰਮੇਸ਼ਰ ਦੀ ਪੂਜਾ ਦਾ ਇਕੋ ਇਕ ਸਾਧਨ 'ਨਾਮ ਸਿਮਰਨ' ਤੇ ਕੀਰਤਨ ਦਸਦੇ ਹਨ।

ਜਿਨ ਸੇਵਿਆ ਤਿਨ ਪਾਇਆ ਮਾਨੁ।
ਨਾਨਕ ਗਾਵੀਐ ਗੁਣੀ ਨਿਧਾਨੁ।

ਦਰਅਸਲ ਸਾਡਾ ਜੀਵਨ ਹਉਮੈ ਤੇ ਅਧਾਰਤ ਹੈ, ਇਹ ਐਸਾ ਰੋਗ ਹੈ ਜੋ ਨਾ ਮਨੁਖ ਨੂੰ ਆਪਣੇ ਇਸ਼ਟ ਨਾਲ ਮਿਲਣ ਦਿੰਦਾ ਹੈ ਤੇ ਨਾ ਹੀ ਆਪਣੇ ਸਾਥੀ ਮਨੁਖ ਨਾਲ। ਇਸਦਾ ਇਲਾਜ ਤਾਂ ਹੋ ਸਕਦਾ ਜੇ ਸਰਬ ਵਿਆਪਕ ਸੱਤਾ ਦਾ ਅਨੁਭਵ ਹੋਵੇ। ਏਸ ਅਨੁਭਵ ਨੂੰ ਬਣਾਉਣ ਲਈ ਸਿਮਰਣ ਹੀ ਇਕ ਸਰੇਸ਼ਟ ਮਾਰਗ ਹੈ ਜਿਸ ਦੁਆਰਾ ਹੁਕਮ ਦੀ ਸੋਝੀ ਆਉਣ ਤੇ ਮਨੁਖ ਵਿਸ਼ਵਾਰਥੀ ਦ੍ਰਿਸ਼ਟੀ ਵਾਲਾ ਸੱਚਾ ਧਰਮੀ ਬਣ ਸਕਦਾ ਹੈ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

ਇਹੋ ਹੁਕਮ ਨਾਮ, ਇਹੋ ਸ਼ਬਦ, ਤੇ ਇਹੋ ਬਾਣੀ ਹੈ। ਬਾਣੀ ਦਾ ਗਾਇਨ ਇਸੇ ਲਈ ਹੁਕਮ ਦੀ ਸੋਝੀ ਕਰਾਉਂਦਾ ਹੈ—

ਚਹੁ ਦਿਸਿ ਹੁਕਮ ਵਰਤੈ ਪ੍ਰਭੁ ਤੇਰਾ,
ਚਹੁ ਦਿਸਿ ਨਾਮ ਪਤਾਲੰ ............॥

(੪) ਜ਼ਿੰਦਗੀ ਦੀ ਸੰਪੂਰਨਤਾ ਲਈ ਕੇਵਲ ਪ੍ਰਭੂ ਭਗਤੀ ਕਾਫੀ ਨਹੀਂ, ਸਦਾਚਾਰਕ ਗੁਣਾਂ ਦੀ ਪ੍ਰਫੁਲਤਾ ਵੀ ਅਤਿਅੰਤ ਜ਼ਰੂਰੀ ਹੈ। ਭਾਰਤ ਵਿਚ ਉਪਨਿਸ਼ਧਕ ਵਿਚਾਰਧਾਰਾ ਭਗਤੀ ਉਤੇ ਜ਼ੋਰ ਦਿੰਦੀ ਰਹੀ ਹੈ ਤੇ ਬੋਧੀ ਅਤੇ ਜੈਨੀ ਵਿਚਾਰ 'ਸਰੇਸ਼ਟਾਚਾਰ' ਨੂੰ ਸਭ ਕੁਝ ਦਸਦੇ ਰਹੇ ਹਨ। ਗੁਰੂ ਸਾਹਿਬ ਨੇ ਦੋਹਾਂ ਦਾ ਸੰਗਮ ਕੀਤਾ।

ਸਭ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਇਹ ਗੁਣ ਹਨ—ਸਤ, ਸੰਤੋਖ, ਦਇਆ, ਧੀਰਜ, ਪ੍ਰੇਮ, ਸ਼ਾਂਤੀ ਸਿਦਕ ਆਦਿ। ਨਿਮਰਤਾ ਨੂੰ ਗੁਰੂ ਜੀ ਨੇ 'ਗੁਣ ਚੰਗਿਆਈਆ ਤਤੁ' ਕਿਹਾ ਹੈ।

ਨਿਰਗੁਣ ਰਾਮੁ ਗੁਣਹ ਵਸਿ ਹੋਇ॥
ਆਪੁ ਨਿਵਾਰਿ ਬੀਚਾਰੇ ਸੋਇ॥

ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥

ਗੁਣ ਵੀਚਾਰੇ ਗਿਆਨੀ ਸੋਇ।
ਗੁਣ ਮਹਿ ਗਿਆਨ ਪਰਾਪਤਿ ਹੋਇ॥

(੫) ਇਹ ਭਗਤੀ ਤੇ ਇਖਲਾਕੀ ਗੁਣ ਵੀ ਆਪਣੇ ਆਪ ਕੁਝ ਨਹੀਂ ਸਵਾਰਦੇ ਜੇ ਕਰ ਔਗੁਣਾਂ ਤੋਂ ਪੱਲਾ ਨਾ ਛੁਡਾਇਆ ਜਾਵੇ। ਕਾਮ, ਕਰੋਧ, ਲੋਭ, ਮੋਹ, ਹਉਮੈ, ਮਮਤਾ, ਤ੍ਰਿਸ਼ਨਾ, ਈਰਖਾ ਨਿੰਦਾ ਆਦਿ ਅਪ੍ਰਸੰਨਤਾ ਤੇ ਦੁਖਾਂ ਦਾ ਕਾਰਨ ਹਨ। ਇਸ ਲਈ ਧਰਮ ਦੇ ਪਾਸੇ ਤੁਰਨ ਵਾਲੇ ਵਿਅਕਤੀ ਲਈ ਸਭ ਤੋਂ ਪਹਿਲੇ ਜ਼ਰੂਰੀ ਆਦੇਸ਼ ਇਹ ਹੈ ਕਿ ਉਹ ਆਪਣੇ ਐਬਾਂ ਤੇ ਕਮਜ਼ੋਰੀਆਂ ਨੂੰ ਦੂਰ ਕਰੇ:—

ਅਵਗੁਣ ਛੋਡਿ ਗੁਣਾ ਕਉ ਧਾਵਉ,
ਕਰ ਅਵਗੁਣ ਪਛੁਤਾਹੀ ਜੀਉ॥



www.AKJ.Org

ਪਰ ਦਾਰਾ ਪਰ ਧਨੁ ਪਰ ਲੋਭਾ,
ਹਉਮੈ ਬਿਖੈ ਬਿਕਾਰੁ ।
ਦੁਸਟ ਭਾਉ ਤਜਿ ਨਿੰਦ ਪਰਾਈ,
ਕਾਮ ਕ੍ਰੋਧੁ ਚੰਡਾਰੁ ।
ਛੋਡਹੁ ਕਾਮੁ ਕ੍ਰੋਧ ਬੁਰਿਆਈ ।
ਹਉਮੈ ਧੰਧ ਛੋਡਹੁ ਲੰਪਟਾਈ ।
ਸਤਿਗੁਰ ਸਰਣਿ ਪਰਹੁ ਤ ਉਬਰਹੁ,
ਇਉ ਤਰੀਐ ਭਵਜਲ ਭਾਈ ਹੇ ।

(੬) ਇਸ ਅਧਿਆਤਮਕ ਵਿਕਾਸ ਲਈ ਸਭ ਤੋਂ ਵਧ ਸਹਾਇਕ ਸਤਿਗੁਰੂ ਹੈ ਇਸ ਦੀ ਅਗਵਾਹੀ ਮਨੁਖ ਨੂੰ ਸਹੀ ਸੇਧ ਪ੍ਰਦਾਨ ਕਰਦੀ ਹੈ ਅਤੇ ਗੁਰੂ ਸਾਹਿਬ ਦੇ ਸਿਧਾਂਤ ਅਨੁਸਾਰ 'ਬਾਣੀ' ਹੀ 'ਸ਼ਬਦ' ਗੁਰੂ ਹੈ। ਇਸ ਤੋਂ ਸਾਰੀ ਰੋਸ਼ਨੀ ਮਿਲਦੀ ਹੈ:—

ਸਤਿਗੁਰ ਵਿਚਿ ਆਪੁ ਰਖਿਓਨੁ,
ਕਰਿ ਪਰਗਟ ਆਖਿ ਸੁਣਾਇਆ ।
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਸਬਦੁ ਗੁਰ ਪੀਰਾ ਗਹਿਰ ਗੰਭੀਰਾ,
ਵਿਣੁ ਸਬਦੈ ਜਗ ਬਉਰਾਨਾ ॥
ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰਿ,
ਜਿਨਿ ਪੀਤੀ ਤਿਸੁ ਮੋਖੁ ਦੁਆਰੁ ॥

(੭) ਮਨੁਖ ਚੂੰਕਿ ਸਮਾਜਕ ਜੀਵ ਹੈ, ਇਹ ਕੇਵਲ ਗਿਆਨ ਆਸਰੇ ਵੀ ਨਹੀਂ ਚਲਦਾ । ਆਲੇ ਦੁਆਲੇ ਦਾ ਪ੍ਰਭਾਵ ਇਸ ਨੂੰ ਜਿਸ ਤਰਾਂ ਚਾਹੇ ਢਾਲਦਾ ਹੈ । ਏਸ ਪੱਖ ਸਾਮ੍ਹਣੇ ਰੱਖਕੇ ਗੁਰੂ ਜੀ ਨੇ ਸਤਿਸੰਗ ਕਰਨਾ ਬੜਾ ਜ਼ਰੂਰੀ ਕਰਾਰ ਦਿਤਾ ਹੈ ਤਾਂ ਕਿ ਸ੍ਰੇਸ਼ਟ ਪੁਰਸ਼ਾਂ ਦੇ ਮੇਲ ਜੋਲ ਨਾਲ ਮਨੁਖ ਉਚੇ ਜੀਵਨ ਵਲ ਪ੍ਰਤੋਤ ਹੁੰਦਾ ਰਹੇ—

ਊਤਮ ਸੰਗਤਿ ਊਤਮ ਹੋਵੈ ॥
ਗੁਣ ਕਉ ਧਾਵੈ ਅਵਗੁਣ ਧੋਵੈ ॥

ਸਤਿ ਸੰਗ ਕੀ ਹੈ ?

ਸਤਿ ਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰ ਦੀਆ ਬੁਝਾਇ ਜੀਉ ।

(੮) ਰੱਬੀ ਏਕਤਾ ਦੇ ਵਿਸ਼ਵਾਸ਼ ਨਾਲ ਮਨੁਖੀ ਏਕਤਾ ਦਾ ਨਿਸ਼ਚਾ ਵੀ ਅਤਿਅੰਤ ਜ਼ਰੂਰੀ ਹੈ ਜੇ ਕਰ ਮਨੁਖ ਜਾਤ ਪਾਤ ਵਰਣ ਆਸ਼ਰਮ ਨਸਲ, ਮਜ਼ੁਬ ਯਾ ਰੰਗ ਭੇਦ ਕਾਰਨ ਕਿਸੇ ਨੂੰ ਛੋਟਾ ਵੱਡਾ ਸਮਝਦਾ ਹੈ ਤਾਂ ਉਹ ਧਰਮੀ ਨਹੀਂ, ਇਸ ਕਰ ਕੇ ਸਤਿਗੁਰੂ ਜ਼ਾਤ ਪਾਤ ਦਾ ਵਿਰੋਧ ਕਰ ਕੇ ਸਮਾਨਤਾ ਦਾ ਪ੍ਰਚਾਰ ਕੀਤਾ—

ਫਕੜੁ ਜਾਤੀ ਫਕੜੁ ਨਾਉ ।
ਸਭਨਾ ਜੀਆ ਇਕਾ ਛਾਉ ।
ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ।
ਸਭ ਮਹਿ ਜੋਤਿ ਜੋਤਿ ਹੈ ਸੋਇ ।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ।

ਜਦ ਸਭ ਵਿਚ ਜੋਤਿ ਇਕੋ ਹੈ ਫਿਰ ਭੇਦ ਭਾਵ ਕਿਉਂ । ਇਸ ਲਈ ਆਪ ਜੀ ਨੇ ਹਿੰਦੂ ਮੁਸਲਮ, ਬ੍ਰਾਹਮਣ ਸ਼ੂਦ੍ਰ ਤੇ ਇਸਤ੍ਰੀ ਪੁਰਸ਼ ਸਭ ਨੂੰ ਇਕ ਪੱਧਰ ਤੇ ਇਕੱਠਿਆਂ ਕੀਤਾ ।

ਆਵਹਿ ਭੈਣੇ ਗਲਿ ਮਿਲਹਿ ਅੰਕ ਸਹੇਲੜੀਅਹਿ ।
ਮਿਲ ਕੈ ਕਰਹ ਕਹਾਣੀਆ ਸੰਮ੍ਰਥ ਕੰਤੁ ਕੀਆਹ ।

ਸਾਡੇ ਦੇਸ਼ ਵਿਚ ਹੇਠਲੀਆਂ ਕਿਰਤ ਸ਼੍ਰੇਣੀਆਂ ਨੂੰ ਬਿਲਕੁਲ ਹੀ ਆਦਰ ਨਹੀਂ ਸੀ ਦਿਤਾ ਜਾਂਦਾ ਤੇ ਉਹਨਾਂ ਨੂੰ ਨੀਚ ਕਹਿ ਕੇ ਛੁਟਿਆਇਆ ਜਾਂਦਾ ਸੀ ਪਰ ਗੁਰੂ ਜੀ ਨੇ ਸਾਫ਼ ਕਿਹਾ ਕਿ ਮੈਂ ਵਡਿਆਂ ਦਾ ਸਾਥੀ ਨਹੀਂ ਬਲਕਿ ਉਸ ਦਲਿਤ ਸ਼੍ਰੇਣੀ ਦਾ ਸਾਥੀ ਹਾਂ ਜੋ ਸਭ ਤੋਂ ਨਿਚਲੇ ਦਰਜੇ ਦੀ ਆਖੀ ਜਾਂਦੀ ਹੈ—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ ।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।
ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ ।

ਇਸਤ੍ਰੀ ਨੂੰ ਸਾਰੀਆਂ ਧਰਮ ਪੋਥੀਆਂ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਦੀਆਂ ਸਨ ਤੇ ਇਸ ਦਾ ਸਮਾਜ ਵਿਚ ਉਚਿਤ ਅਸਥਾਨ ਨਹੀਂ ਸੀ ਬਣਨ ਦੇਂਦੀਆਂ ।



www.AKJ.Org

ਗੁਰੂ ਸਾਹਿਬ ਨੇ ਇਸ ਦਾ ਸਖ਼ਤੀ ਨਾਲ ਵਿਰੋਧ ਕੀਤਾ ਤੇ ਕਿਹਾ ਕਿ ਜਿਸ ਇਸਤ੍ਰੀ ਦੀ ਕੁੱਖ ਤੋਂ ਸਾਰੀ ਮਨੁਖਤਾ ਜਨਮ ਲੈਂਦੀ ਹੈ ਉਸਨੂੰ ਕਿਉਂ ਅਪਮਾਨਤ ਕੀਤਾ ਜਾਵੇ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।

(੯) ਗੁਰੂ ਸਾਹਿਬ ਕੇਵਲ ਧਾਰਮਕ ਤੇ ਸਮਾਜਕ ਸੁਧਾਰ ਤਕ ਹੀ ਸੀਮਤ ਨਹੀਂ ਸਨ ਬਲਕਿ ਉਹ ਸਮਾਜ ਲਈ 'ਆਦਰਸ਼ ਰਾਜ ਪ੍ਰਬੰਧ' ਵੀ ਜ਼ਰੂਰੀ ਸਮਝਦੇ ਸਨ ਤਾਂ ਹੀ ਮਨੁਖ ਸੁਤੰਤਰਤਾ ਨਾਲ ਧਰਮ ਕਰਮ ਨਿਭਾ ਸਕਦਾ ਤੇ ਆਪਣੀ ਸਮਾਜਕ ਹੈਸੀਅਤ ਨੂੰ ਬਰਕਰਾਰ ਰਖ ਸਕਦਾ ਹੈ। ਇਸੇ ਕਰਕੇ ਉਹਨਾਂ ਅਨਿਆਈ ਤੇ ਧਕੋਖੋਰ ਹਾਕਮਾਂ ਦੀ ਨਿਖੇਧੀ ਕਰਦਿਆਂ ਚੰਗੇ ਰਾਜ ਪ੍ਰਬੰਧ ਲਈ ਸੁਯੋਗਤਾ ਤੇ ਨਿਆਂ ਦੋ ਜ਼ਰੂਰੀ ਸ਼ਰਤਾਂ ਦਸੀਆਂ।

ਤਖਤੇ ਉਪਰਿ ਸੋ ਬਹੈ ਜੋ ਤਖਤੈ ਲਾਇਕ ਹੋਈ।
ਰਾਜੇ ਚੁਲੀ ਨਿਆਵ ਕੀ......।

ਸਮਕਾਲੀ 'ਕਸਾਈ ਤੇ ਰੱਤ ਪੀਣੇ' ਰਾਜ ਪ੍ਰਬੰਧਕ ਇਸ ਕਸੌਟੀ ਤੇ ਪੂਰੇ ਨਹੀਂ ਸੀ ਉਤਰਦੇ। ਇਸ ਕਰਕੇ ਮਾਨਵ ਸੁਤੰਤ੍ਰਤਾ ਦੇ ਹਾਮੀ ਗੁਰੂ ਜੀ ਨੇ ਇਕੋ ਪਰਮ ਸੱਤਾ ਦੀ ਪਾਤਸ਼ਾਹੀ ਪ੍ਰਵਾਨ ਨਹੀਂ ਕੀਤੀ–

ਏਕੋ ਤਖ਼ਤੁ ਏਕੋ ਪਾਤਸਾਹੁ।
ਸਰਬੀ ਥਾਈ ਬੇਪਰਵਾਹੁ।
ਤੂ ਏਕੰਕਾਰ ਨਿਰਾਲਮ ਰਾਜਾ।
ਨਾਉ ਤੇਰਾ ਤਾਣੁ ਨਾਉ ਤੇਰਾ ਦੀਬਾਣੁ।
ਨਾਉ ਤੇਰਾ ਲਸਕਰੁ ਨਾਉ ਸੁਲਤਾਨੁ।

ਨਵੇਂ ਰਾਜ ਪਰੀਵਰਤਨ ਲਈ ਜ਼ਰੂਰੀ ਹੈ ਕਿ ਕਾਇਮ ਹਕੂਮਤ ਤੋਂ ਇਨਕਾਰ ਕੀਤਾ ਜਾਵੇ ਤੇ ਉਸਦੀ ਥਾਂ ਸੁਯੋਗ ਹਸਤੀ ਦੀ ਪ੍ਰਭੂਸੱਤਾ ਸਵੀਕਾਰੀ ਜਾਵੇ। ਸਿਖ ਜਾਗ੍ਰਤੀ ਲਹਿਰ ਨੇ ਐਸਾ ਹੀ ਕੀਤਾ ਤੇ ਗੁਰੂਆਂ ਨੂੰ ਹੀ 'ਸਚਾ ਪਾਤਸ਼ਾਹ' ਮੰਨ ਕੇ ਨਵੀਂ ਰਾਜਨੀਤੀ ਅਪਨਾਈ–

ਹੋਵੈ ਸਿਫਤਿ ਖਸੰਮ ਦੀ ਨੂਰ ਅਰਸਹੁ ਕੁਰਸਹੁ ਝਟੀਐ।
ਤੁਧ ਡਿਠੇ ਸਚੇ ਪਾਤਸ਼ਾਹ ਮਲ ਜਨਮ ਜਨਮ ਕੀ ਕਟੀਐ।

ਕਬਿ ਕਲ ਸੁ ਜਸ ਗਾਵਉ ਗੁਰੂ ਨਾਨਕ
ਰਾਜ ਜੋਗੁ ਜਿਨ ਮਾਣਿਅਉ।

ਗੁਰੂ ਨਾਨਕ ਸਾਹਿਬ ਨੇ ਸਾਧਾਰਣ ਲੋਕਾਂ ਵਿਚੋਂ 'ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹੁ' ਵਾਲਾ ਜੀਵਨ ਜੀਉਣ ਵਾਲੇ ਪੁਰਸ਼ਾਂ ਨੂੰ 'ਪਾਤਸ਼ਾਹ' ਕਰਾਰ ਦੇ ਕੇ ਨਵੇਂ ਯੁਗ ਦੀ ਨੀਂਹ ਰਖ ਦਿਤੀ–

ਜਿਸਨੋ ਬਖਸੇ ਸਿਫਤਿ ਸਲਾਹ।
ਨਾਨਕ ਪਾਤਸਾਹੀ ਪਾਤਸਾਹੁ।

(੧੦) ਕੁਝ ਨਵੇਂ ਚਿੰਤਕ ਗੁਰੂ ਨਾਨਕ ਬਾਣੀ ਵਿਚ ਸਮਾਜਵਾਦੀ ਦੇ ਤੱਤ ਦੇਖ ਕੇ ਇਸ ਦੀ ਪਦਾਰਥਵਾਦੀ ਵਿਆਖਿਆ ਕਰਨ ਦਾ ਨਿਰਾਰਥ ਯਤਨ ਕਰਦੇ ਹਨ ਜੋ ਉਚਿਤ ਨਹੀਂ। ਗੁਰੂ ਸਾਹਿਬ ਪਦਾਰਥਕ ਖੁਸ਼ਹਾਲੀ ਚਾਹੁੰਦੇ ਹੋਏ ਵੀ ਪਰਮਾਰਥਕ ਅਨੰਦ ਨੂੰ ਵਡੇਰਾ ਉਚੇਰਾ ਤੇ ਆਪਣਾ ਪਹਿਲਾ ਈਮਾਨ ਦਸਦੇ ਹਨ:–

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ।
ਨਾਨਕ ਸਾਈ ਭਲੀ ਪ੍ਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ।

'ਮੋਤੀ ਤ ਮੰਦਰ ਊਸਰਹਿ' ਸ਼ਬਦ ਵਿਚ ਪਦਾਰਥਵਾਦ ਦਾ ਸਿਧਾ ਖੰਡਨ ਕਰ ਕੇ ਇਕੋ ਮੰਗ ਕਈ ਵਾਰ ਦੁਹਰਾਈ ਗਈ ਹੈ–

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।

ਇਸੇ ਤਰ੍ਹਾਂ ਇਕ ਸਲੋਕ ਵਿਚ ਪਦਾਰਥਵਾਦੀ ਹਾਥੀ ਨਾਲੋਂ ਪਰਮਾਰਥਵਾਦੀ ਨਿਕੀ ਚਿੜੀ ਨੂੰ ਸਲਾਹ ਕੇ ਇਹ ਦਰਸਾਇਆ ਗਿਆ ਹੈ ਕਿ ਅਧਿਆਤਮਕ ਨਿਸਚਾ ਹੀ ਬੁਨਿਆਦੀ ਚੀਜ਼ ਹੈ।

(੧੧) ਆਪ ਪੁਰਾਣੇ ਸੰਸਾਰ ਨੂੰ ਮਿਥਿਆ ਤੇ ਇਸ ਕਾਇਆ ਨੂੰ ਫ਼ਜ਼ੂਲ ਕਹਿ ਕੇ ਇਸਦਾ ਤ੍ਰਿਸਕਾਰ ਕਰਦੇ ਹਨ। ਇਸੇ ਵਿਚਾਰ ਨੇ ਭਾਰਤ ਨੂੰ ਕਰਮ ਯੋਗ ਤੋਂ ਪਿੰਗਲਾ ਕਰਕੇ ਗੁਲਾਮ ਬਣਾਇਆ। ਗੁਰੂ



www.AKJ.Org

ਸਾਹਿਬ 'ਤੁਧ ਬਾਝੁ ਕੂੜੋ ਕੂੜ' ਕਹਿੰਦੇ ਹੋਏ ਵੀ ਸੰਸਾਰ ਦੀ ਹਕੀਕਤ ਨੂੰ ਨਜ਼ਰਬੰਦ ਨਹੀਂ ਕਰਦੇ, ਉਹ ਇਸ ਧਰਤੀ ਨੂੰ 'ਧਰਮਸਾਲ' ਦਸਦੇ ਕਰਮਯੋਗ ਦੀ ਪ੍ਰੇਰਨਾ ਕਰਦੇ ਹਨ।

ਤਿਸ ਵਿਚ ਧਰਤੀ ਥਾਪਿ ਰਖੀ ਧਰਮਸਾਲ।

ਸਚੇ ਤੇਰੇ ਖੰਡ ਸਚੇ ਬ੍ਰਹਿਮੰਡ,
ਸਚੇ ਤੇਰੇ ਲੋਅ ਸਚੇ ਅਕਾਰ,
ਸਚੇ ਤੇਰੇ ਕਰਣੇ ਸਰਬ ਬੀਚਾਰ।

(੧੨) ਕਰਮ ਯੋਗੀ ਜੀਵਨ ਨੂੰ ਤਰਜੀਹ ਦੇਣ ਲਈ ਹੀ ਗੁਰੂ ਸਾਹਿਬ ਨੇ ਤਿਆਗੀ ਵੈਰਾਗੀ ਪੰਥਾਂ ਦੀ ਥਾਂ ਗ੍ਰਿਸਤ ਮਾਰਗ ਨੂੰ ਵਡਿਆਇਆ ਪਰੰਤੂ ਨਾਲ ਨਿਰਲੇਪਤਾ ਦੀ ਨਸੀਅਤ ਵੀ ਦਿਤੀ—

ਜੈਸੇ ਜਲ ਮਹਿ ਕਮਲੁ ਨਿਰਾਲਮੁ,
ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ,
ਨਾਨਕ ਨਾਮ ਵਖਾਣੇ ॥

ਸਤਿਗੁਰ ਕੀ ਐਸੀ ਵਡਿਆਈ,
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।

ਇਕ ਗਿਰ ਹੀ ਗੁਰਮੁਖਿ ਸੇਵਕ ਗੁਰਮਤੀ ਲਾਗੇ।

ਨਾਮ ਦਾਨ ਇਸਨਾਨ ਦ੍ਰਿੜ,
ਹਰਿ ਭਗਤਿ ਸਿ ਜਾਗੇ।

(੧੩) ਗੁਰੂ ਸਾਹਿਬ ਮੰਨਦੇ ਹਨ ਕਿ ਇਹ ਸੰਸਾਰ ਰੱਬੀ ਹੁਕਮ ਦੀ ਖੇਡ ਹੈ ਪਰ ਫਿਰ ਵੀ ਇਹ ਹੁਕਮ ਹਰ ਜੀਵ ਦੇ ਆਪਣੇ ਕਰਮਾਂ ਅਨੁਸਾਰ ਹੀ ਫੈਸਲਾ ਦੇਂਦਾ ਹੈ—

ਹੁਕਮਿ ਚਲਾਏ ਆਪਣੇ ਕਰਮੀ ਵਹੈ ਕਲਾਮ।

ਇਸ ਕਰਕੇ ਸਤਿਗੁਰੂ ਮਨੁਖ ਨੂੰ ਕਰਮ ਯੋਗੀ ਬਣਨ ਉਤੇ ਜ਼ੋਰ ਦਿੰਦੇ ਹਨ ਮਨੁਖ ਜੋ ਚਾਹੇ ਬਣ ਸਕਦਾ ਹੈ, ਪਰ ਇਹ ਸਭ ਉਸਦੇ ਉਦਮ ਤੇ ਘਾਲ ਤੇ ਨਿਰਭਰ ਹੈ ਇਸੇ ਲਈ ਨਾਮ ਸਿਮਰਣ ਦੇ ਨਾਲ ਸੇਵਾ ਅਤਿ ਲੋੜੀਂਦਾ ਅੰਗ ਮੰਨਿਆ ਹੈ—

ਜੇਤੇ ਜੀਅ ਤੇਤੇ ਸਭ ਤੇਰੇ,
ਵਿਣੁ ਸੇਵਾ ਫਲ ਕਿਸੈ ਨਹੀ।

ਕਰਮੀ ਕਰਮੀ ਹੋਇ ਬੀਚਾਰੁ।
ਸਚਾ ਆਪਿ ਸਚਾ ਦਰਬਾਰੁ।

ਸੋ ਹਦਾਇਤ ਹੈ ਕਿ ਆਪਣੀ ਸ਼ਖਸੀਅਤ ਨੂੰ ਤੇ ਆਪਣੇ ਸਮਾਜ ਨੂੰ ਸੁਆਰਨ ਦਾ ਆਪ ਉਦਮ ਕਰੋ।

ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ।

ਵਿਚਿ ਦੁਨੀਆ ਸੇਵ ਕਮਾਈਐ।
ਤ ਦਰਗਹਿ ਬੈਸਣੁ ਪਾਈਐ।

(੧੪) ਪੁਰਾਤਨ ਧਰਮ ਇਹ ਵੀ ਸਿਖਾਉਂਦੇ ਆਏ ਹਨ ਕਿ ਜੋ ਆਦਮੀ ਧਰਮ ਕਰਮ ਕਰੇ ਉਸ ਲਈ ਭਿਖਿਆ ਮੰਗ ਕੇ ਗੁਜ਼ਾਰਾ ਕਰਨਾ ਬਿਹਤਰ ਹੈ, ਉਹ ਹੋਰ ਜੰਜਾਲ ਨਾ ਪਾਵੇ। ਇਸ ਫ਼ਿਲਾਸਫ਼ੀ ਨੇ ਭਾਰਤੀ ਸਮਾਜ ਨੂੰ ਨਿਪੁੰਸਕ ਬਣਾ ਦਿਤਾ ਤੇ ਲੱਖਾਂ ਵਿਹਲੜ ਸਾਧ ਜਾਂ ਸਿਧ ਜੋਗੀ ਘਰ ਬਾਰੀ ਕਿਰਤੀ ਲੋਕਾਂ ਉਤੇ ਵਾਧੂ ਬੋਝ ਬਣਦੇ ਗਏ। ਗੁਰੂ ਸਾਹਿਬ ਨੇ ਇਸ ਰੀਤ ਦਾ ਸਖ਼ਤ ਵਿਰੋਧ ਕੀਤਾ ਤੇ ਇਸੇ ਕਰਕੇ ਨਾਮ ਜਪਣ ਨਾਲ ਕਿਰਤ ਕਰਕੇ ਵੰਡ ਛਕਣਾ ਜ਼ਰੂਰੀ ਕਰਾਰ ਦਿਤਾ।

ਘਰਿ ਘਰਿ ਮਾਗੈ ਜਗੁ ਪਰ ਬੋਧੈ ਮਨਿ ਅੰਧੈ ਪਤਿ ਹਾਰੀ।
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ।

ਗੁਰੁ ਪੀਰੁ ਸਦਾਏ ਮੰਗਣ ਜਾਇ।
ਤਾਕੈ ਮੂਲ ਨ ਲਗੀਐ ਪਾਇ।
ਘਾਲ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ।

(੧੫) ਕੁਝ ਮਤ ਕਰਾਮਾਤ ਤੇ ਰਿਧਿ ਸਿਧਿ ਨੂੰ ਵਡੀ ਪ੍ਰਾਪਤੀ ਸਮਝਦੇ ਸਨ। ਸਾਮੀ ਮਜ਼੍ਹਬ ਮੁਅਜਜ਼ੇ ਨੂੰ ਪੀਰੀ ਦਾ ਚਿੰਨ ਮੰਨਦੇ ਤੇ ਜੋਗੀ ਅਤੇ ਤਾਂਤ੍ਰਿਕ ਅਜੇਹੀਆਂ ਸ਼ਕਤੀਆਂ ਦਾ ਮਾਨ ਕਰਦੇ ਨਹੀਂ ਥਕਦੇ ਸਨ। ਗੁਰੂ ਸਾਹਿਬ ਜੀਵਨ ਮਾਰਗ ਵਿਚ ਇਸ ਦੀ ਉਕਾ ਲੋੜ ਹੀ ਨਹੀਂ ਸਮਝਦੇ। ਜੇਕਰ ਕਿਸੇ ਸਾਧਕ ਵਿਚ ਇਹ ਸ਼ਕਤੀ ਆ ਵੀ ਜਾਵੇ ਤਾਂ ਉਸ ਦੀ ਵਰਤੋਂ ਦੀ ਮਨਾਹੀ ਕੀਤੀ ਗਈ



www.AKJ.Org

ਹੈ ਕਿਉਂਕਿ ਇਹ ਰੱਬੀ ਹੁਕਮ ਦਾ ਸਿਧਾ ਉਲੰਘਣ ਹੈ। ਸਚਾ ਧਰਮੀ ਭਾਣੇ ਵਿਚ ਚਲਦਾ ਹੈ —

ਆਪ ਨਾਥ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦ।

(੧੬) ਆਮ ਧਰਮਾਂ ਵਿਚ ਅੰਧ ਵਿਸ਼ਵਾਸ਼ ਨੂੰ ਕਾਫ਼ੀ ਥਾਂ ਪ੍ਰਾਪਤ ਹੈ ਪਰ ਗੁਰੂ ਨਾਨਕ ਸਾਹਿਬ ਗਿਆਨ ਨੂੰ ਜ਼ਰੂਰੀ ਥਾਂ ਦੇਂਦੇ ਤੇ ਹਰ ਗਲ ਨੂੰ ਵਿਵੇਕ ਦੀ ਕਸਵੱਟੀ ਉਤੇ ਪਰਖਣ ਦੀ ਤਾਕੀਦ ਕਰਦੇ ਹਨ।

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣ ਅਪਾਰੁ।
ਪਹਿਲਾ ਵਸਤੁ ਸਿਞਾਣਿਕੈ ਤ ਕੀਚੈ ਵਾਪਾਰ।

ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ।
ਅਕਲੀ ਪੜ ਕੈ ਬੁਝੀਐ ਅਕਲੀ ਕੀਚੈ ਦਾਨੁ।

ਇਹੋ ਕਾਰਨ ਹੈ ਕਿ ਬਾਣੀ ਵਿਚ ਸਤਿਗੁਰਾਂ— ਦੇਵ ਪੂਜਾ, ਮੂਰਤੀ ਪੂਜਾ, ਸੁਰਗ ਨਰਕ, ਸੁਚ ਭਿੱਟ, ਸੂਤਕ ਪਾਤਕ, ਸ਼ਗਨ ਅਪਸ਼ਗਨ, ਜੰਤ੍ਰ ਮੰਤ੍ਰ, ਟੂਣੇ ਆਦਿ ਭਰਮ ਭਰਮਾਂ ਦੀ ਨਿਖੇਧੀ ਕੀਤੀ ਹੈ ਪਰ ਇਹ ਗਿਆਨ ਅਧੂਰਾ ਨਹੀਂ ਹੋਣਾ ਚਾਹੀਦਾ ਕਿਉਂਕਿ ਕਚ ਘਰੜ ਗਿਆਨ ਈਮਾਨ ਦਾ ਨੁਕਸਾਨ ਕਰਦਾ ਹੈ— ਮਤਿ ਥੋੜੀ ਸੇਵ ਗਵਾਈਐ।

ਪਰ ਇਕ ਗੱਲ ਹੋਰ ਗੁਰੂ ਜੀ ਨੇ ਆਖੀ ਹੈ ਕਿ ਇਹ ਗਿਆਨ ਵੀ ਕਹਾਣੀ ਨਾਲ ਹੀ ਹੁੰਦਾ ਹੈ, ਬਿਨਾਂ ਕਹਾਣੀ ਦੇ ਕਿਸੇ ਕੰਮ ਨਹੀਂ:—

ਜਹ ਕਰਣੀ ਤਹ ਪੂਰੀ ਮਤਿ,
ਕਰਣੀ ਬਾਝਹੁ ਘਟੇ ਘਟ।

(੧੭) ਕੁਝ ਸ਼ਾਸਤ੍ਰੀ ਮਤਾਂ ਆਤਮ ਗਿਆਨ ਯਾ ਆਤਮ ਚੀਨਣੁ ਨੂੰ ਹੀ ਜੀਵਨ-ਉਦੇਸ਼ ਮੰਨਿਆ ਹੈ। ਜੇਹਾ ਕਿ ਵੇਦਾਂਤ ਬਚਨ ਹੈ 'ਤਤ੍ਵਮਸਿ' 'ਅਹੰਬ੍ਰਹਮਸਪਿ।' ਅਰਥਾਤ ਜਗਿਆਸੂ ਆਤਮ ਗਿਆਨ ਪਾ ਕੇ ਇਹ ਕਹਿਣ ਵਾਲਾ ਹੋ ਜਾਂਦਾ ਹੈ ਕਿ ਮੈਂ ਹੀ ਬ੍ਰਹਮ ਹਾਂ। ਗੁਰੂ ਨਾਨਕ ਆਪੇ ਦੀ ਪਛਾਨ ਜ਼ਰੂਰੀ ਦਸਦੇ ਹਨ ਕਿ ਸਾਡੀ ਆਤਮਾ ਪ੍ਰਮਾਤਮਾ ਦੀ ਅੰਸ਼ ਹੈ ਤੇ ਇਸ ਵਿਚ ਉਹੋ ਗੁਣ ਪ੍ਰਗਟਾਉਣੇ ਲੋੜੀਂਦੇ ਹਨ, ਪਰ ਉਹ ਇਹ ਦ੍ਰਿੜਾਉਂਦੇ ਹਨ ਕਿ ਇਹ ਬੂੰਦ ਸਾਗਰ ਨਹੀਂ ਤੇ ਨਾ ਹੀ ਇਸ ਨੂੰ ਸਾਗਰ ਹੋਣ ਦਾ ਦਾਅਵਾ ਕਰਨਾ ਬਣਦਾ ਹੈ। ਅਜੇਹੇ ਕਰਨ ਨਾਲ ਹਉਮੈ ਦਾ ਫੰਧਾ ਫਿਰ ਗੱਲ ਪੈ ਜਾਂਦਾ ਹੈ। ਸੋ ਆਤਮ ਗਿਆਨ ਇਕ ਪਉੜੀ ਹੈ ਉਸ ਤੋਂ ਅਗਲੀ ਮਨਜ਼ਲ ਪ੍ਰਮਾਤਮ ਗਿਆਨ ਤੇ ਉਸ ਨਾਲ ਅਭੇਦਤਾ ਹੈ।

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ।
ਆਪੁ ਪਛਾਣੈ ਬੂਝੈ ਸੋਇ।

ਆਪਿ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ।

ਪਰਹਰਿ ਪਾਪੁ ਪਛਾਣੈ ਆਪੁ।
ਨ ਤਿਸ ਸੋਗੁ ਵਿਜੋਗੁ ਸੰਤਾਪੁ।
ਤੂ ਦਰਿਆਉ ਦਾਨਾ ਬੀਨਾ,
ਮੈ ਮਛੁਲੀ ਕੈਸੇ ਅੰਤ ਲਹਾ।

(੧੮) ਕੁਝ ਧਰਮਾਂ ਦਾ ਮਨੋਰਥ ਸੁਰਗ ਯਾ ਮੁਕਤੀ ਰਿਹਾ ਹੈ ਪਰ ਗੁਰੂ ਨਾਨਕ ਅਜੇਹਾ ਨਹੀਂ ਮੰਨਦੇ। ਸੁਰਗ ਉਨ੍ਹਾਂ ਲੋਕਾਂ ਦੀ ਇਕ ਆਦਰਸ਼ਕ ਕਲਪਨਾ ਸੀ ਜੋ ਪਦਾਰਥਕ ਪ੍ਰਾਪਤੀਆਂ ਤੋਂ ਊਣੇ ਸਨ ਤੇ ਮੁਕਤੀ ਉਹਨਾਂ ਦੀ ਸੰਸਾਰਕ ਸੰਗਰਸ਼ ਨਿਭਾਉਣ ਜੋਗੇ ਨਹੀਂ ਸਨ। ਗੁਰੂ ਸਾਹਿਬ ਜੀਵਨ ਮੁਕਤ ਦੇ ਹਾਮੀ ਹਨ ਤੇ ਇਸ ਦਾ ਆਦਰਸ਼ 'ਸਹਿਜ' ਦਸਦੇ ਹਨ ਜਿਸਦਾ ਭਾਵ ਹੈ ਦੁਖ ਸੁਖ ਨਿੰਦਾ ਉਸਤਤਿ ਤੇ ਰਾਗ ਦ੍ਵੈਖ ਦੇ ਪ੍ਰਭਾਵਾਂ ਤੋਂ ਉਚੇਰਾ ਸੰਤੁਲਿਤ ਜੀਵਨ।

ਦੁਖ ਸੁਖ ਗੁਰਮੁਖਿ ਸਮਕਰ ਜਾਣਾ
ਹਰਖ ਸੋਗ ਤੇ ਬਿਰਕਤੁ ਭਇਆ।
ਆਪ ਮਾਰ ਗੁਰਮੁਖਿ ਹਰਿ ਪਾਏ
ਨਾਨਕ ਸਹਿਜ ਸਮਾਇ ਲਇਆ।

ਗੁਰਮੁਖਿ ਨਾਮੁ ਦਾਨੁ ਇਸਨਾਨ।
ਗੁਰਮੁਖਿ ਲਾਗੈ ਸਹਿਜ ਧਿਆਨ।

(੧੯) ਉਸ ਜ਼ਮਾਨੇ ਅਨੇਕਾਂ ਮਤ ਪ੍ਰਚਲਤ ਸਨ, ਕਈ ਸੰਪ੍ਰਦਾਇ ਤੇ ਕਈ ਕਿਸਮ ਦੇ ਭੇਖ ਮਨੁਖ ਨੂੰ ਔਝੜ ਪਾਉਣ ਵਾਲੇ ਸਨ। ਗੁਰੂ ਸਾਹਿਬ ਨੇ



www.AKJ.Org

ਅਦ੍ਵੈਤਵਾਦੀ ਹੋਣ ਦੇ ਨਾਤੇ ਧਰਮਾਂ ਦੀ ਏਕਤਾ ਦਾ ਨਾਅਰਾ ਲਾਇਆ। ਉਹਨਾਂ ਸਮਝਾਇਆ ਕਿ ਮਨੁਖ ਦਾ ਅਸਲ ਧਰਮ ਤਾਂ ਆਪੇ ਦੀ ਪਛਾਨ ਕਰਕੇ ਪ੍ਰਭੂ ਨਾਲ ਇਕ ਸੁਰ ਹੋਣਾ ਹੈ, ਬਾਕੀ ਭੇਖ ਦਿਖਾਵੇ ਕੇਵਲ ਅਡੰਬਰ ਹਨ। ਅਸਲ ਧਰਮ ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦਾ ਤਿਆਗ ਹੈ।

ਏਕੋ ਧਰਮੁ ਦ੍ਰਿੜੈ ਸਚੁ ਕੋਈ।
ਗੁਰਮਤਿ ਪੂਰਾ ਜੁਗਿ ਜੁਗਿ ਸੋਈ।

ਛਿਅ ਘਰ ਛਿਅ ਗੁਰ ਛਿਅ ਉਪਦੇਸ।
ਗੁਰ ਗੁਰ ਏਕੋ ਵੇਸ ਅਨੇਕ।

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।

ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ।
ਕੁਫਰ ਸੋ ਕੁਫਰਾਣੈ ਪਇਆ ਦਝਸੀ।

ਜੰਞੂ–

ਦਯਾ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।

ਸਨਾਤਨ ਮਤ–

ਸਚੁ ਵਰਤੁ ਸੰਤੋਖੁ ਤੀਰਥੁ,
ਗਿਆਨੁ ਧਿਆਨੁ ਇਸਨਾਨੁ।
ਦਇਆ ਦੇਵਤਾ ਖਿਮਾ ਜਪਮਾਲੀ,
ਤੇ ਮਾਣਸ ਪਰਧਾਨ।

ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ।
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ।

ਇਸਲਾਮ–

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।

ਜੋਗ–

ਮੁੰਦਾ ਸੰਤੋਖ ਸਰਮ ਪਤਿ ਝੋਲੀ
ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ,
ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਲਿ ਜਮਾਤੀ,
ਮਨਿ ਜੀਤੈ ਜਗੁ ਜੀਤੁ।

ਸਾਰੇ ਰੋਗਾਂ ਦਾ ਇਲਾਜ ਸਚ ਹੈ। ਜਿਸ ਸਚਾ ਆਚਾਰ ਅਪਣਾ ਲਿਆ ਤੇ ਪਰਮ ਸੱਤ ਨੂੰ ਪਾ ਲਿਆ ਉਹ–

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।
ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ।

(੨੦) ਸਾਰੇ ਗੁਣ ਪੈਦਾ ਕਰਕੇ ਵੀ ਅੰਤਮ ਪ੍ਰਾਪਤੀ ਪ੍ਰਮੇਸਰ ਦੀ ਨਦਰ ਉਤੇ ਨਿਰਭਰ ਹੈ। ਗੁਰੂ ਨਾਨਕ ਸਾਹਿਬ ਰੱਬ ਨੂੰ ਕਰਤਾ ਪੁਰਖੁ ਮੰਨਦੇ ਹਨ। ਸਭ ਕੁਝ ਉਸੇ ਦੇ ਹੁਕਮ ਨਾਲ ਹੁੰਦਾ ਹੈ। ਇਸ ਕਰਕੇ ਜੀਵਾਤਮਾਂ ਦਾ ਸੰਜੋਗ ਵੀ ਉਸੇ ਦੇ ਹੁਕਮ ਤੇ ਨਦਰ ਕਰਮ ਨਾਲ ਸੰਭਵ ਹੈ। ਜੇਕਰ ਮਨੁਖ ਇਹ ਸਮਝੇ ਕਿ ਉਹ ਆਪਣੀ ਘਾਲ ਨਾਲ ਪਰਮ ਪਦ ਪਾ ਸਕਦਾ ਹੈ ਤਾਂ ਇਸ ਹਾਲਤ ਵਿਚ ਹਉਮੈ ਕਾਇਮ ਰਹਿੰਦੀ ਹੈ ਤੇ ਹੁਕਮ ਨੂੰ ਪੂਰੀ ਤਰ੍ਹਾਂ ਨਹੀਂ ਬੁਝਿਆ ਜਾ ਸਕਦਾ। ਸੋ ਇਸ ਗੁੰਝਲ ਦਾ ਹੱਲ ਇਹੋ ਹੈ ਕਿ ਜਗਿਆਸੂ ਧਰਮ ਕਰਮ ਕਰਦਾ ਹੋਇਆ ਵੀ ਉਸਦੀ ਬਖ਼ਸ਼ਿਸ਼ ਉਤੇ ਹੀ ਭਰੋਸਾ ਕਰੇ–

ਸਿਖੀ ਸਿਖਿਆ ਗੁਰ ਵੀਚਾਰਿ।
ਨਦਰੀ ਕਰਮਿ ਲੰਘਾਇ ਪਾਰਿ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।

ਨਦਰਿ ਕਰੇ ਤਾ ਮੇਲ ਮਿਲਾਏ।
ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ।
ਗੁਰਮੁਖਿ ਨਾਮੁ ਪਦਾਰਥੁ ਪਾਏ।

ਨਵੇਂ ਯੁਗ ਦਾ ਮਨੁਖ ਪੁਰਾਣੇ ਰੋਗਾਂ ਦਾ ਸ਼ਿਕਾਰ ਹੋਣ ਕਰਕੇ ਫਿਰ ਵਿਆਕੁਲ ਹੈ। ਉਹੋ ਅੰਧੇਰਾ ਇਸ ਨੂੰ ਸਹੀ ਰਸਤੇ ਤੋਂ ਭਟਕਾ ਰਿਹਾ ਹੈ ਜੋ ਚਿਰਾਂ ਤੋਂ ਭਟਕਾਉਂਦਾ ਆਇਆ ਹੈ। ਪੁਰਾਣੇ ਲੋਕ ਇਸ ਨੂੰ ਮਾਇਆ ਕਹਿੰਦੇ ਸਨ ਤੇ ਆਧੁਨਿਕ*



www.AKJ.Org

# ++ ਥਾਪਿਆ ਨ ਜਾਇ ++

(ਸ੍ਰ: ਜੋਧ ਸਿੰਘ ਜੀ 'ਸਾਹਿਤ ਰਤਨ' ਬਨਾਰਸ)

ਜਪੁਜੀ ਸਾਹਿਬ ਦੀ ਗੰਭੀਰ ਵਿਚਾਰ ਭਰਪੂਰ ਬਾਣੀ ਵਿਚ ਕਹੀ ਹੋਈ ਗਲ ਕਿੰਨੀ ਮਹਾਨ ਹੈ। ਇਸ ਵਿਚ ਕਿੰਨੀ ਦੂਰ ਅੰਦੇਸ਼ੀ ਹੈ, ਕਿੰਨਾ ਮਿੱਠਾ ਵਿਰੋਧ ਹੈ ਮੂਰਤੀ ਪੂਜਾ ਦਾ, ਇਸਦਾ ਅੰਦਾਜ਼ਾ ਅਸੀਂ ਉਸ ਸਮੇਂ ਦੇ ਵਾਤਾਵਰਨ ਤੇ ਰਹੁ ਰੀਤਾਂ ਨੂੰ ਗਹੁ ਨਾਲ ਵਿਚਾਰਨ ਤੇ ਲਾ ਸਕਦੇ ਹਾਂ। ਰਿਗੁ ਵੇਦ ਦੀ ਸਿੱਧੀ ਸਾਦੀ ਸਰਲ ਸੰਸਕ੍ਰਿਤੀ ਦੇ ਗੁੰਝਲਦਾਰ ਹੁੰਦੇ ਜਾਣ ਦਾ ਇਤਹਾਸ ਸਾਡੇ ਸਾਹਮਣੇ ਹੈ। ਪੁਰਾਣਾਂ, ਉਪਨਿਸ਼ਦਾਂ ਦੀਆਂ ਅਖੌਤੀ ਕਹਾਣੀਆਂ ਦੇ ਵਹਿਣ 'ਚ ਰੁੜਦੀ, ਧੱਕੇ ਠੇਡੇ ਖਾਂਦੀ ਹਮੇਸ਼ਾਂ ਆਪਣੇ ਆਪ ਨੂੰ ਨਿਰਬਲ ਸਾਬਤ ਕਰਦੀ ਹੋਈ ਇਹ ਸੰਸਕ੍ਰਿਤੀ ਬੁਧ ਮੱਤ ਦੇ ਭਾਰਤ ਤੋਂ ਚਲੇ ਜਾਣ ਤੋਂ ਬਾਦ ਤਾਂ ਨਿਰਾ ਕਰਮ ਕਾਂਡਾਂ ਦਾ ਵਿਖਾਵਾ ਮਾਤਰ ਬਣ ਕੇ ਰਹਿ ਗਈ। ਜਰਵਾਣਿਆਂ ਦੇ ਹਮਲਿਆਂ ਨੂੰ ਆਤਮਕ ਸ਼ਕਤੀ ਦੇ ਗੁਰੂ ਕਹੌਣ ਵਾਲੇ ਭਾਰਤਵਾਸੀ ਠਲ੍ਹ ਨਾ ਪਾ ਸਕੇ। ਕਈ ਸੋਮਨਾਥ ਲੁਟੇ ਗਏ ਅਤੇ ਸਦੀਆਂ ਤੋਂ ਬਣਾਏ ਜਾ ਰਹੇ ਸਭਿਅਤਾ ਅਤੇ ਸੰਸਕ੍ਰਿਤੀ ਦੇ ਮੰਦਰ ਭਾਰਤਵਾਸੀਆਂ ਦੀ ਆਤਮਕ ਤੇ ਮਾਨਸਕ ਕਮਜ਼ੋਰੀ ਨੇ ਖੇਰੂੰ ੨ ਕਰ ਦਿਤੇ। ਹੈਰਾਨੀ ਸਿਰਫ ਇਹੋ ਹੀ ਹੁੰਦੀ ਹੈ ਕਿ ਕਿਉਂ ਭਾਰਤ ਵਾਸੀ ਹਮੇਸ਼ਾਂ ਆਪੋ ਵਿਚ ਹੀ ਲੜਦੇ ਰਹੇ, ਕਿਉਂ ਨਹੀਂ ਇਹ ਕਦੇ ਵੀ ਇਕ-ਮੁਠ ਹੋ ਕੇ ਹਮਲਾਵਰ ਦਾ ਮੂੰਹ ਭੰਨ ਸਕੇ। ਕਿਉਂ ਸਾਡੀ ਸੰਸਕ੍ਰਿਤੀ ਸਾਨੂੰ ਇਹ ਨਾ ਸਿਖਾ ਸਕੀ ਕਿ ਅਸੀਂ ਇਕ ਦੂਜੇ ਦੇ ਕਰੀਬ ਆ ਸਕੀਏ।

ਕਾਰਨ ਸਾਫ਼ ਹੈ। ਸਿਧਾਂਤਕ ਤੌਰ ਤੇ ਤਾਂ ਅਸੀਂ ਸਾਰੀ ਧਰਤੀ ਨੂੰ ਆਪਣਾ ਪਰਵਾਰ ਸਮਝਦੇ ਹਾਂ, ਪਰ ਸਾਡੇ ਗ੍ਰੰਥਾਂ ਦੀ ਕੋਈ ਨਾ ਕੋਈ ਕਹਾਣੀ, ਭਰਾਵਾਂ ਭਰਾਵਾਂ ਨੂੰ, ਇਸਤਰੀ ਖ਼ਾਤਰ, ਰਾਜ ਖ਼ਾਤਰ, ਲੜਦਿਆਂ ਦਸਕੇ ਸਾਡੇ ਭਰੱਪਨ ਦੇ ਜਜ਼ਬੇ ਨੂੰ ਚੂਰ ਚੂਰ ਕਰ ਸੁੱਟਦੀ ਹੈ। ਅਸੀਂ ਸੌ ਸਾਲ ਜੀਉਣ ਦਾ ਪੂਰਾ ਪ੍ਰੋਗਰਾਮ ਆਪਣੇ ਧਰਮ ਗ੍ਰੰਥਾਂ ਵਿਚ ਪੜ੍ਹਦੇ ਹਾਂ, ਲੇਕਿਨ ਨਾਲ ਹੀ ਨਾਲ ਮਹਾਨ ਰਿਸ਼ੀਆਂ ਮੁਨੀਆਂ ਦੁਆਰਾ ਕੇਵਲ ਜਿਨਸੀ ਭੁਖ ਨੂੰ ਮਿਟਾਉਣ ਖ਼ਾਤਰ ਕੀਤੇ ਗਏ ਕਾਰਨਾਮੇ ਸਾਨੂੰ ਕਈ ਤਰ੍ਹਾਂ ਦੇ ਅਨੋਖੇ ਹੱਥ ਕੰਢੇ ਸਿਖਾ ਜਾਂਦੇ ਹਨ। ਜਦ ਸਾਡੇ ਦੇਵੀ ਦੇਵਤੇ ਇਕ ਦੂਜੇ ਤੇ ਆਪਣੇ ਭਗਤਾਂ ਦੀ ਰਖਿਆ ਵਾਸਤੇ ਟੁਟ ਕੇ ਪੈ ਸਕਦੇ ਹਨ, ਤਾਂ

---

*ਇਸ ਨੂੰ 'ਪਦਾਰਥਕ ਪ੍ਰਾਪਤੀ' ਦਸਕੇ ਪ੍ਰਸੰਨ ਹੁੰਦੇ ਹਨ। ਨਿਸਚਿਆਂ ਦਾ ਅੰਤਰ ਹੈ, ਸੂਝ ਬੂਝ ਦਾ ਅੰਤਰ ਹੈ। ਗੁਰੂ ਪ੍ਰਮਾਰਥਕ ਤੇ ਆਰਥਕ ਖੁਸ਼ਹਾਲੀ ਦੋਹਾਂ ਦੇ ਮੁਦਈ ਸਨ ਪਰੰਤੂ ਪਰਮਾਰਥ ਪ੍ਰਭਤਾ ਨੂੰ ਉਹ ਚੰਗੀ ਤਰ੍ਹਾਂ ਪਛਾਣਦੇ ਸਨ ਤੇ ਇਸੇ ਕਰਕੇ ਉਹ ਆਪਣੀ ਵਿਚਾਰਧਾਰਾ ਵਿਚ ਇਸ ਉਤੇ ਜ਼ੋਰ ਵੀ ਜ਼ਿਆਦਾ ਦਿੰਦੇ ਸਨ। ਅੰਧ ਭਗਤੀ ਪ੍ਰਭੂ ਨੂੰ ਨਹੀਂ ਮਿਲਾਉਂਦੀ ਤੇ ਨਾਹੀ ਅੰਧ ਸ਼ਕਤੀ ਸੰਸਾਰ ਵਿਚ ਸ਼ਾਂਤੀ ਹੀ ਸਥਾਪਤ ਕਰ ਸਕਦੀ ਹੈ। ਇਸ ਲਈ ਜਾਣਨ ਦੀ ਲੋੜ ਹੈ, ਜੋਤਿ ਦੀ ਜ਼ਰੂਰਤ ਹੈ ਤੇ ਇਹ ਜੋਤਿ ਗੁਰੂ ਕਾ ਸ਼ਬਦ ਹੈ ਜੋ ਅਜ ਵੀ ਅੰਧੇਰੇ ਕੋਨਿਆਂ ਨੂੰ ਰੁਸ਼ਨਾ ਸਕਦਾ ਹੈ।

ਇਹੁ ਤੇਲੁ ਦੀਵਾ ਇਉ ਜਲੈ।
ਕਰਿ ਚਾਨਣ ਸਾਹਿਬ ਤਉ ਮਿਲੈ।



www.AKJ.Org

ਫਿਰ ਜੇ ਅਸੀਂ ਆਪਣੇ ਸੁਆਰਥਾਂ ਦੀ ਰਖਿਆ ਵਾਸਤੇ ਆਪਣੇ ਭਰਾ, ਪਿਤਾ, ਭੈਣ ਦਾ ਅਪਮਾਨ ਕਰੀਏ, ਤਾਂ ਇਸ ਵਿਚ ਦੋਸ਼ ਕਿਸਦਾ ਹੈ? ਇਥੇ ਇਹ ਯਾਦ ਰਖਣਾ ਚਾਹੀਦਾ ਹੈ ਕਿ ਧਰਮ ਗ੍ਰੰਥਾਂ ਦਾ ਸਿੱਧਾ ਸੰਬੰਧ ਮਨੁਖੀ ਆਚਰਨ ਨਾਲ ਹੁੰਦਾ ਹੈ।

ਇਹੋ ਕੁਝ ਹੀ ਹੁੰਦਾ ਰਿਹਾ ਹੈ ਭਾਰਤ ਵਿਚ! ਵੱਖ ਵੱਖ ਫ਼ਿਰਕਿਆਂ ਨੇ ਵੱਖ ਵੱਖ ਮਹਾਨ ਪੁਰਖਾਂ ਨੂੰ ਰੱਬ ਦਾ ਅਵਤਾਰ ਸਿੱਧ ਕਰਨ ਵਿਚ ਜਿੰਨੀ ਜ਼ੋਰ ਅਜ਼ਮਾਈ ਕੀਤੀ ਹੈ, ਜੇ ਉਸਦਾ ਦਸਵਾਂ ਹਿੱਸਾ ਵੀ ਉਹਨਾਂ ਪੈਗੰਬਰਾਂ ਦੇ ਪਾਏ ਪੂਰਨਿਆਂ ਤੇ ਚਲਣ ਵਾਸਤੇ ਲਾਇਆ ਜਾਂਦਾ, ਤਾਂ ਅਜ ਭਾਰਤ ਵਾਸੀਆਂ ਨੂੰ ਸਵਰਗ ਦੀ ਖੋਜ ਵਿਚ ਅਸਮਾਨ ਵਲ ਮੂੰਹ ਨ ਚੁਕਣਾ ਪੈਂਦਾ, ਉਹਨਾਂ ਦੇ ਪੈਰਾਂ ਹੇਠਲੀ ਧਰਤੀ ਹੀ ਸਵਰਗ ਹੁੰਦੀ। ਕਬੀਰ ਜੀ ਨੇ ਆਪਣੇ ਇਕ ਸਲੋਕ ਵਿਚ ਦਸਿਆ ਹੈ ਕਿ ਉਹਨਾਂ ਦੇ ਸਮੇਂ ਉਤਰ ਭਾਰਤ ਵਿਚ ਮੋਟੇ-ਮੋਟੇ ੯੬ ਮਤ ਮਤਾਂਤਰ ਸਨ। ਇਨਸਾਨ ਨੂੰ ਇਨਸਾਨ ਦੇ ਤੌਰ ਤੇ ਵੇਖਿਆਂ ਭਾਰਤ ਵਾਸੀਆਂ ਨੂੰ ਹਜ਼ਾਰਾਂ ਸਾਲ ਬੀਤ ਗਏ ਸਨ। ਅਖੌਤੀ ਸੰਸਕ੍ਰਿਤੀ ਧਰਮ ਅਤੇ ਉਸਦੇ ਠੇਕੇਦਾਰਾਂ ਨੇ ਮਨੁਖ ਨੇ ਮਨੁਖ ਦੀ ਉੱਚੀ ਪਦਵੀ ਤੋਂ ਡੇਗ ਕੇ ਛਤਰੀ, ਬ੍ਰਾਹਮਣ, ਵੈਸ਼ ਅਤੇ ਸ਼ੂਦਰ ਆਦਿ ਫਿਰਕਿਆਂ ਵਿਚ ਵੰਡ ਕੇ ਟੋਟੇ ਟੋਟੇ ਕਰ ਛਡਿਆ ਸੀ। ਇਕ ਇਕ ਪਰਵਾਰ ਦੇ ਪੂਰੇ ਮੈਂਬਰਾਂ ਤਕ ਦਾ ਨ ਧਰਮ ਇਕ ਸੀ, ਨਾ ਖਾਣਾ ਪੀਣਾ ਇਕ, ਨ ਉਠਣਾ ਬੈਠਣਾ ਇਕ ਸੀ, ਨ ਪਹਿਰਾਵਾ ਇਕ ਸੀ। ਕੋਈ ਸ਼ਿਵ ਭਗਤ ਸੀ ਤੇ ਕੋਈ ਵਿਸ਼ਨੂੰ ਭਗਤ ਅਖਵਾ ਕੇ ਆਪਣਾ ਗਲਬਾ ਪਾਉਣਾ ਚਾਹੁੰਦਾ ਸੀ। ਕੋਈ ਦੇਵੀ ਦਾ ਉਪਾਸ਼ਕ ਸੀ ਤੇ ਕੋਈ ਗਣੇਸ਼ ਦਾ। ਮੁਕਦੀ ਗੱਲ ਕੀ ਰੱਬ ਦੀ ਉਹ ਦੁਰਗਤ ਬਣਾ ਛੱਡੀ ਸੀ ਲੋਕਾਂ ਨੇ ਕਿ ਹਰ ਗਲੀ ਕੂਚੇ ਵਿਚ ਰਬ ਟਕੇ ਟਕੇ ਵਿਕ ਰਿਹਾ ਸੀ। ਜਦ ਰਬ ਨੂੰ ਮਹਾਨ ਹਸਤੀ ਮੰਨਦਿਆਂ ਸਰਬ ਪ੍ਰਤਿਪਾਲਕ ਸਮਝਦਿਆਂ ਹੋਇਆਂ ਵੀ ਅਸੀਂ ਉਸਦਾ ਸਾਂਝਾ ਉਪਯੋਗ ਨਹੀਂ ਕਰ ਸਕਦੇ, ਤਾਂ ਅਸਲ ਵਿਚ ਪਰੋਖੇ ਤੌਰ ਤੇ ਅਸੀਂ ਉਸ ਰੱਬ ਦੀ ਮਹਾਨਤਾ, ਦਰਿਆ ਦਿਲੀ ਅਤੇ ਵਿਸ਼ਾਲਤਾ ਦੇ ਗੁਣ ਤੋਂ ਮੁਨੱਕਰ ਹੁੰਦੇ ਹਾਂ ਅਤੇ ਇਹਨਾਂ ਸਭ ਗਲਾਂ ਦਾ ਅਸਰ ਸਾਡੇ ਜਜ਼ਬਾਤ ਤੇ ਸਾਡੇ ਜੀਵਨ ਫਲਸਫੇ ਤੇ ਨਾਲ ਨਾਲ ਪੈਂਦਾ ਜਾਂਦਾ ਹੈ। ਅਸੀਂ ਆਪਣੇ ਵਿਅਕਤੀਗਤ, ਅਖੌਤੀ ਰੱਬ ਦੇ ਨਾਲ ਨਾਲ ਇਕ ਦੂਸਰੇ ਤੋਂ ਦੂਰ ਹੁੰਦੇ ਜਾਂਦੇ ਹਾਂ। ਫਲ ਕੀ ਹੁੰਦਾ ਹੈ ਗੁਲਾਮੀ—ਰਾਜਸੀ ਵੀ ਅਤੇ ਆਤਮਕ ਵੀ। ਅਸੀਂ ਰਹਿ ਜਾਂਦੇ ਹਾਂ ਆਪਣਾ ਹੀ ਰਾਗ ਅਲਾਪਣ ਵਾਲੇ ਉਸ ਵਾਜੇ ਦੀ ਤਰਾਂ ਜਿਹੜਾ ਬੋਲੀ ਤਾਂ ਜਾਂਦਾ ਹੈ ਪਰ ਨ ਦੇਖਣ ਵਿਚ ਸਮਰਥ ਹੈ ਤੇ ਨ ਸੁਣਨ ਵਿਚ।

ਗੁਰੂ ਨਾਨਕ ਦੇਵ ਜੀ ਨੇ ਇਸ ਮੁਢਲੇ ਧਾਰਮਕ ਰੋਗ ਨੂੰ ਜਿਹੜਾ ਕਿ ਬਾਅਦ ਵਿਚ ਸਮਾਜਕ ਤੇ ਰਾਜਨੈਤਿਕ ਜ਼ਰੂਟ ਬਣ ਜਾਂਦਾ ਹੈ, ਪਛਾਣਿਆਂ ਅਤੇ ਭੁਲੇ ਹੋਏ ਲੋਕਾਂ ਨੂੰ ਦੇਵੀ ਦੇਵਤਿਆਂ ਦੇ ਦਰ ਤੇ ਠੇਡੇ ਖਾਂਦਿਆਂ, ਠਠੰਬਰੇ ਮਨੁਖਾਂ ਨੂੰ ਦਇਆਵਾਨ ਹੋ ਕੇ ਪਿਆਰ ਨਾਲ ਗਲ ਲਾਇਆ ਜਿਥੇ ਆਪ ਜੀ ਨੇ ਕਹਿਆ ਕਿ 'ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚ, ਨਾਨਕ ਤਿਨਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ।' ਉਥੇ ਡੋਲਦੇ ਮਨਾਂ ਨੂੰ ਇਹ ਵੀ ਦਸਿਆ ਕਿ 'ਮਨ ਤੂ ਜੋਤ ਸਰੂਪ ਹੈ ਆਪਣਾ ਮੂਲ ਪਛਾਣ।' ਉਹ 'ਚਾਂਦਨਾਂ' ਸਾਰੇ ਸੰਸਾਰ ਦੇ ਚਾਨਣ ਦਾ ਮੂਲ ਹੈ। ਉਸ ਪ੍ਰਕਾਸ਼ ਨੂੰ ਆਪਣੇ ਆਪ ਵਿਚ ਅਨੁਭਵ ਕਰੋ। ਆਪਣੀ ਪ੍ਰੋਢਤਮ ਗੰਭੀਰ ਬਾਣੀ, ਜਪੁ ਜੀ ਵਿਚ ਤਾਂ ਬਾਬੇ ਨਾਨਕ ਜੀ ਨੇ ਸਾਫ ਲਫਜ਼ਾਂ ਵਿਚ ਆਖ ਦਿਤਾ:—

ਥਾਪਿਆ ਨ ਜਾਇ ਕੀਤਾ ਨ ਹੋਇ,
ਆਪੇ ਆਪਿ ਨਿਰੰਜਨ ਸੋਇ।

ਮੰਦਰਾਂ ਵਿਚ ਉਸਦੀ ਸਥਾਪਨਾ ਕਰਨ ਵਾਲਿਓ ਤਰ੍ਹਾਂ ਤਰ੍ਹਾਂ ਦੀਆਂ ਮੂਰਤਾਂ ਥਾਪਣ ਵਾਲਿਓ! ਤੁਸੀਂ ਸਿਰਫ ਸਮਾਜਕ ਝਗੜਿਆਂ ਨੂੰ ਵਧਾਉਣ ਵਿਚ ਸਹਾਇਕ ਹੋ ਰਹੇ ਹੋ। ਜਿਵੇਂ ਚਿਕੜ ਨੂੰ ਚਿਕੜ ਨਾਲ ਨਹੀਂ ਧੋਤਾ ਜਾ ਸਕਦਾ। ਇਸੇ ਤਰ੍ਹਾਂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਵਾਸਤੇ 'ਗੁਰ ਸ਼ਬਦੀ ਵੀਚਾਰ' ਦੇ ਪ੍ਰਕਾਸ਼ ਦੀ ਲੋੜ ਹੈ। ਹਰ ਮਨੁਖ


www.AKJ.Org

ਦਾ ਸਰੀਰ ਇਕ ਮਦਰ ਹੈ, ਉਸ ਵਿਚ ਸਾਂਝੀਵਾਲਤਾ ਦੀ ਅੱਖ ਨਾਲ ਵੇਖਣ ਦਾ ਯਤਨ ਕਰੋ। ਖੁਦਾ, ਰਾਮ ਵਾਹਿਗੁਰੂ ਵਿਚ ਜੋ ਗੁਰੂ ਨਾਨਕ ਦੇਵ ਜੀ ਨੇ ਕੋਈ ਭੇਦ ਨਹੀਂ ਜਾਣਿਆ, ਤਾਂ ਹੀ ਉਹ ਬਾਬਰ ਜਿਹੇ ਜਾਬਰਾਂ ਦੇ ਸਾਹਮਣੇ ਵੀ ਸਿਰ ਉੱਚਾ ਕਰਕੇ ਉਸ ਦੀਆਂ ਅੱਖਾਂ ਨਾਲ ਅੱਖਾਂ ਮਿਲਾਕੇ ਉਸਨੂੰ ਫਿਟਕਾਰ ਸਕੇ। ਅਤੇ ਰਬ ਜਿਸ ਨੂੰ ਪਖੰਡੀਆਂ ਨੇ ਕੇਵਲ ਕਰੋਪੀ ਦਾ ਰੂਪ ਅਤੇ ਪੂਜਾ ਦਾ ਧਾਨ ਬਲੀਦਾਨ ਲੈ ਕੇ ਖੁਸ਼ ਹੋਣ ਵਾਲਾ ਹੀ ਸਿੱਧ ਕੀਤਾ ਸੀ—ਨੂੰ ਬਾਹੋਂ ਪਕੜ ਕੇ ਹਲੂਣਿਆ। ਦੁਖੀਆਂ ਦੇ ਦਰਦੀ ਰਾਲੇ ਨਾਲ ਅਵਾਜ਼ ਮਿਲਾ ਬਾਬਾ ਕੂਕ ਉਠਿਆ—

..........ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦ ਨਾ ਆਇਆ।

ਆਪ ਜੀ ਨੇ ਇਹ ਦਸਿਆ ਕਿ ਜਦੋਂ ਅਸੀਂ ਆਪਣੇ ਬਣਾਏ ਹੋਏ ਨਿਯਮਾਂ ਨੂੰ ਆਪ ਹੀ ਤੋੜਨ ਦਾ ਜਤਨ ਕਰਦੇ ਹਾਂ, ਤਾਂ ਹੀ ਸਾਡੇ ਵਿਚ ਗਿਰਾਵਟ ਆਉਂਦੀ ਹੈ। ਇਕ ਪਾਸੇ ਅਸੀਂ ਰਬ ਨੂੰ ਸਰਬ ਵਿਆਪਕ ਅੰਤਰਜਾਮੀ 'ਘਟ ਘਟ ਕੇ ਅੰਤਰ ਦੀ ਜਾਨਤ' ਵਾਲੇ ਗੁਣਾਂ ਨਾਲ ਸ਼ਸ਼ੋਭਿਤ ਕਰਦੇ ਹਾਂ ਅਤੇ ਦੂਜੇ ਪਾਸੇ ਉਸੇ ਰੱਬ ਦੀ ਮੂਰਤ ਘੜ ਕੇ ਉਸਨੂੰ ਇਕ ਖਾਸ ਦਾਇਰੇ ਵਿਚ ਬੱਨਣ ਦਾ ਕੋਝਾ ਯਤਨ ਕਰਦੇ ਹਾਂ। ਹੋ ਸਕਦਾ ਹੈ, ਕੁਝ ਫਰੇਬੀਆਂ ਦਾ ਭੋਲੀ ਭਾਲੀ ਜਨਤਾ ਨੂੰ ਲੁਟਣ ਦਾ ਇਹ ਵੀ ਇਕ ਢੰਗ ਰਿਹਾ ਹੋਵੇ ਤਾਂ ਕਿ ਇਸ ਮਨਸੂਬੇ ਮੁਤਾਬਕ ਰਬ ਇਕ ਖਾਸ ਜਗ੍ਹਾ ਮੂਰਤ ਵਿਚ ਬੰਦ ਹੈ ਕਹਿ ਕੇ ਰੱਬ ਦੀ ਹਸਤੀ ਤੋਂ ਵੀ ਮੁਨਕਰ ਨ ਹੋਇਆ ਜਾਵੇ ਅਤੇ ਉਸ ਚਾਰ ਦੀਵਾਰੀ ਤੋਂ ਬਾਹਰ ਨੀਚਤਾ ਭਰਪੂਰ ਆਚਰਨ ਦੀ ਵੀ ਪੂਰੀ ਖੁਲ ਹੋਵੇ।

ਸੋ ਗੁਰੂ ਨਾਨਕ ਦੇਵ ਜੀ ਨੇ ਲੱਖਾਂ ਫਿਰਕਿਆਂ ਵਿਚ ਵਡੇ ਮਨੁਖ ਸਮਾਜ ਦੇ ਸਾਹਮਣੇ ੧ੴ ਅਰਥਾਤ ਇਕ ਅਤੇ ਕੇਵਲ ਇਕ ਈਸ਼ਵਰ ਦਾ ਆਦਰਸ਼ ਦਿਤਾ। ਦੋ ਚਾਰ ਬੇੜਿਆਂ ਵਿਚ ਹੱਥ ਪੈਰ ਰੱਖਣ ਵਾਲੇ ਦਾ ਜੋ ਸਿੱਟਾ ਹੋ ਸਕਦਾ ਹੈ, ਉਸਨੂੰ ਪਹਿਲਾਂ ਹੀ ਕਿਆਸਦਿਆਂ ਹੋਇਆਂ ਆਪ ਜੀ ਨੇ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਉਦੇਸ਼ ਲੋਕਾਂ ਸਾਹਮਣੇ ਰਖਿਆ।

'ਮੂਲ ਮੰਤਰ' ਵਿਚ ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਉਸਦੇ ਗੁਣਾਂ ਕਰਕੇ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੋਣ ਦਾ ਸਾਧਨ ਦਸਿਆ ਹੈ, ਉਸਦੇ ਨਾਲ ਹੀ ਉਸਦੀ 'ਅਜੂਨੀ ਸੈਭੰ' ਵਿਸ਼ੇਸ਼ਤਾ ਵੀ ਦਰਸਾਈ ਹੈ। ਪ੍ਰਮਾਤਮਾ ਸਮੇਂ ਸਥਾਨ ਦੀ ਹੱਦ ਬੰਦੀ ਤੋਂ ਬਾਹਰ ਹੈ। ਉਹ ਆਪਣੇ ਆਪ ਤੋਂ ਹੀ ਪ੍ਰਕਾਸ਼ਤ ਹੈ ਉਸਨੂੰ ਕਿਸੇ ਬਾਹਰੀ ਸ਼ਕਤੀ ਦੀ ਲੋੜ ਨਹੀਂ। ਉਹ ਖੁਦ ਹੀ ਪ੍ਰਕਾਸ਼ ਸਵਰੂਪ ਹੈ। ਉਸ ਦਾ ਅੰਤ ਪਾਉਣ ਖਾਤਰ ਕਿੰਨੇ ਹੀ ਜੀਵ ਬਿਲਲਾਉਂਦੇ ਫਿਰਦੇ ਹਨ ਉਹਨਾਂ ਦਾ ਅੰਤ ਨਹੀਂ। ਅੰਤ ਲਭਣ ਦਾ ਯਤਨ ਕਰਨ ਵਾਲੇ ਹਰ ਜੀਵ ਦੇ ਸਾਹਮਣੇ 'ਬਹੁਤਾ ਕਹੀਏ, ਬਹੁਤਾ ਹੋਏ' ਮਸਲਾ ਹੀ ਆ ਖੜ੍ਹਾ ਹੋਇਆ ਹੈ। ਉਸ ਸਰਬ ਸ਼ਕਤੀਮਾਨ, ਪ੍ਰਭੂ ਨੂੰ ਸਥਾਨ, ਸਮੇਂ ਅਤੇ ਵੀਚਾਰ ਦੇ ਘੇਰੇ ਵਿਚ ਕੋਈ ਨਹੀਂ ਬਨ੍ਹ ਸਕਿਆ।

ਮੂਰਤੀ ਪੂਜਾ ਅਤੇ ਉਸ ਤੋਂ ਪੈਦਾ ਹੋਣ ਵਾਲੀਆਂ ਹਾਨੀਆਂ ਵਲ ਕਈ ਮਹਾਂਪੁਰਖਾਂ ਨੇ ਸੰਕੇਤ ਕੀਤੇ ਹਨ। ਜਿਵੇਂ ਕਿ ਰਾਮਾਨੰਦ, ਕਬੀਰ, ਨਾਮ ਦੇਵ ਜੀ ਆਦਿ। ਪਰ ਇਹਨਾਂ ਸੰਤਾਂ ਦੇ ਕਹਿਣ ਦਾ ਢੰਗ ਆਮਤੌਰ ਤੇ ਲੋਕਾਂ ਨੂੰ ਚਿੜਾਉਣ ਵਾਲਾ ਹੀ ਸਾਬਤ ਹੋਇਆ। ਮੂਰਤੀ ਪੂਜਕਾਂ ਨੇ ਮੂਰਤੀ ਪੂਜਾ ਦੇ ਖੋਖਲੇ ਪਨ ਨੂੰ ਛੱਡਣ ਦੀ ਬਜਾਏ ਸਗੋਂ ਮੂਰਤੀਆਂ ਨੂੰ ਹਿੱਕ ਨਾਲ ਲਾਈ ਰਖਣ ਦਾ ਹੀ ਯਤਨ ਕੀਤਾ। ਪਰ ਧੰਨ ਗੁਰੂ ਨਾਨਕ, ਜਿਨ੍ਹਾਂ ਨੇ ਐਨੇ ਸਰਸ ਅਤੇ ਪ੍ਰਭਾਵਸ਼ਾਲੀ ਤ੍ਰੀਕੇ ਨਾਲ 'ਥਾਪਿਆ ਨ ਜਾਇ, ਕੀਤਾ ਨ ਹੋਇ ਆਪੇ ਆਪਿ ਨਿਰੰਜਨ ਸੋਇ। ਕਹਿ ਕੇ ਮੂਰਤੀ ਪੂਜਾ ਦਾ ਵਿਰੋਧ ਕੀਤਾ ਕਿ ਲੋਕਾਂ ਦੇ ਦਿਲ ਲਕੀਰ ਦੀ ਫਕੀਰੀ ਨੂੰ ਛੱਡ ਕੇ ਇਕ ਦੂਜੇ ਦੇ ਲਾਗੇ ਆ ਗਏ। ਤੇਰੇ ਭਾਣੇ ਸਰਬੱਤ ਦਾ ਭੱਲਾ, ਮੰਗਣ ਦੀ ਜਾਚ ਆ ਗਈ। ਜੀਵਨ-ਪੱਧਰ ਉਚੇਰੀ ਹੋ ਗਈ। ਨਾਮ ਜਪਣ ਦੇ ਨਾਲ ਕਿਰਤ ਕਰਨੀ ਤੇ ਵੰਡ ਛੱਕਣਾ ਵੀ



www.AKJ.Org

ਜੀਵਨ ਫਲਸਫੇ ਦਾ ਇਕ ਜ਼ਰੂਰੀ ਅੰਗ ਬਣ ਗਿਆ।

ਇਥੇ ਗਲ ਵਿਚੋਂ ਗਲ ਦੇ ਅਨੁਸਾਰ ਜੇ ਸਿਖਾਂ ਦੇ ਮੂਰਤੀਆਂ ਵਲ ਝੁਕਾਉ ਅਤੇ ਗੁਰੂ ਸਾਹਿਬਾਨ ਆਦਿ ਦੀਆਂ ਮੂਰਤਾਂ ਬਾਰੇ ਜੇ ਥੋਹੜਾ ਵਿਚਾਰ ਕਰ ਲਈਏ, ਤਾਂ ਵਿਸ਼ੇ ਤੋਂ ਦੂਰ ਦੁਰੇਡੇ ਜਾਣਾ ਨਹੀਂ ਹੋਵੇਗਾ। ਕਈ ਅਸਥਾਨਾਂ ਤੇ ਗੁਰਦਵਾਰਿਆਂ ਵਿਚ ਵੇਖਣ ਵਿਚ ਆਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਵੱਡੇ ਵੱਡੇ ਆਕਾਰ ਦੀਆਂ ਗੁਰੂ ਨਾਨਕ ਦੇਵ ਜੀ, ਜਾਂ ਹੋਰ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਰਖੀਆਂ ਹੁੰਦੀਆਂ ਹਨ ਰਖਣ ਵਿਚ ਬੇਸ਼ਕ ਤਸਵੀਰਾਂ ਬੜੀਆਂ ਸੋਹਣੀਆਂ ਲਗਦੀਆਂ ਹਨ ਪਰ ਏਥੇ ਪਰੋਖੇ ਤੋਰ ਤੇ ਅਸੀਂ ਅਨਜਾਣੇ ਹੀ ਸਿਖ ਧਰਮ ਦੇ ਸਿਧਾਂਤਾਂ ਨੂੰ ਉਲਟਾ ਜਾਂਦੇ ਹਾਂ। ਘਰਾਂ ਵਿਚ ਹੀ ਕਈ ਅਸਥਾਨਾਂ ਤੇ ਵੇਖਣ ਵਿਚ ਆਇਆ ਹੈ ਕਿ ਗੁਰੂ ਸਾਹਿਬਾਨ ਦੀਆਂ ਫੋਟੋਆਂ ਅਗੇ ਮੱਥੇ ਟੇਕੇ ਜਾਂਦੇ ਹਨ, ਅਰਦਾਸਾਂ ਕੀਤੀਆਂ ਜਾਦੀਆਂ ਹਨ। ਇਸ ਵਿਚ ਜ਼ਿਆਦਾ ਕਸੂਰ ਭੋਲੀ ਭਾਲੀ ਜਨਤਾ ਦਾ ਨਹੀਂ, ਉਹਨਾਂ ਰਾਗੀਆਂ ਪ੍ਰਚਾਰਕਾਂ ਦਾ ਹੈ, ਜਿਹੜੇ ਗੁਰੂ ਸਾਹਿਬਾਂ ਦੇ ਅਦੁਤੀ ਮਨੁਖੀ ਜੀਵਨ ਨੂੰ ਰਬ ਦਾ ਅਵਤਾਰ ਸਿੱਧ ਕਰਨ ਦਾ ਪੂਰਾ ਜਤਨ ਕਰਦੇ ਹਨ, ਅਤੇ ਸੰਗਤ ਨੂੰ ਆਪਣੀ ਬਕ-ਚੁਤਰਾਈ ਨਾਲ ਪ੍ਰਭਾਵਿਤ ਕਰਨ ਵਾਸਤੇ ਟਿਲ ਲਾਉਂਦੇ ਹਨ। ਸਿੱਖ ਧਰਮ ਦੇ ਪ੍ਰਾਣ ਮੂਲ ਮੰਤਰ ਵਿਚ ਜਿਹੜਾ ਕਿ ਜਪੁ ਜੀ ਸਾਹਿਬ ਤੋਂ ਅਲਾਵਾ ਦਸ ਗੁਰਾਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਰਾਗ ਦੇ ਮੁਢ ਵਿਚ ਦਰਜ ਹੈ, ਸਾਫ ਸਾਫ ਪੁਕਾਰ ਪੁਕਾਰ ਕੇ ਬਾਰ ਬਾਰ ਕਹਿਆ ਗਇਆ ਹੈ ਕਿ ਉਹ ਪਰਮ ਪਿਤਾ ਪ੍ਰਮਾਤਮਾ 'ਅਜੂਨੀ' ਹੈ। ਜੂਨੀਆਂ ਤੋਂ ਰਹਿਤ ਹੈ। ਦਸਮ ਪਿਤਾ ਨੇ ਵੀ ਸਾਫ਼ ਫ਼ਰਮਾਇਆ ਹੈ ਕਿ 'ਜੋ ਮੁਝ ਕੋ ਪ੍ਰਮੇਸਰ ਉਚਰੇ, ਤੇ ਜਨ ਨਰਕ ਕੁੰਡ ਮੇ ਪਰਹਿ।' ਇਹੋ ਜਿਹੇ ਸਪਸ਼ਟ ਹੁਕਮ ਤੋਂ ਬਾਦ ਵੀ ਜੇ ਅਸੀਂ ਗੁਰੂ ਸਾਹਿਬਾਂ ਦੇ ਮਹਾਨ ਜੀਵਨ ਨੂੰ ਰੱਬ ਦੇ ਅਵਤਾਰੀ ਪ੍ਰਪੰਚਾ ਨਾਲ ਜੋੜੀਏ ਤਾਂ ਸਾਡੀ ਕਿੰਨੀ ਅਕਲਮੰਦੀ ਹੈ, ਪਾਠਕ ਆਪ ਅੰਦਾਜ਼ਾ ਲਾ ਸਕਦੇ ਹਨ।

ਅਵਤਾਰੀ—ਹਸਤੀਆਂ ਦੀ ਲੋੜ ਤਾਂ ਮਨੁਖੀ ਦਿਮਾਗ ਨੂੰ ਉਸ ਵੇਲੇ ਪੈਂਦੀ ਹੈ। ਜਦੋਂ ਮਨੁਖੀ ਆਚਰਨਾ ਵਿਚ ਕੁਝ ਕਮੀ ਮਹਿਸੂਸ ਹੋਵੇ। ਫ਼ਖਰ ਦੀ ਗੱਲ ਹੈ ਕਿ ਮਨੁਖਤਾ ਦੇ ਸਾਂਝੇ ਗੁਰੂ ਸਾਹਿਬਾਨ ਦਾ ਪੂਰਾ ਮਨੁਖੀ ਜੀਵਨ ਕਰਮ, ਧਰਮ ਅਤੇ ਅਣਖ ਨਾਲ ਭਰਪੂਰ ਹੈ। ਗੁਰੂਆਂ ਦੇ ਜੀਵਨ ਦਾ ਕਿਹੜਾ ਪਹਿਲੂ, ਸਾਡੇ ਪ੍ਰਚਾਰਕਾਂ ਨੂੰ ਕਮਜ਼ੋਰ ਨਜ਼ਰ ਆਉਂਦਾ ਹੈ। ਜਿਸ ਕਰਕੇ ਉਹ ਇਹ ਯਤਨ ਕਰਦੇ ਹਨ ਅਤੇ ਭੁਲ ਜਾਂਦੇ ਹਨ ਕਿ ਮਨੁਖ ਨੂੰ ਮਨੁਖੀ ਜੀਵਨ ਦੇ ਉਦਾਹਰਨ ਜਿੰਨੇ ਉਤਸ਼ਾਹ ਦਿਲਾਉਣ ਵਾਲੇ ਪ੍ਰਤੀਤ ਹੁੰਦੇ ਹਨ ਉਨੇਂ ਹੋਰ ਚਮਤਕਾਰ ਨਹੀਂ। ਗੁਰੂਆਂ ਦੇ ਸੰਪੂਰਨ ਜ਼ਿੰਦਗੀ ਨਾਮਿਆਂ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜੋਤ ਬੇਸ਼ਕ ਦਸਾਂ ਗੁਰੂਆਂ ਵਿਚ ਰਹੀ ਹੈ, ਪਰ ਹਰ ਗੁਰੂ ਸਾਹਿਬ ਨਿਜੀ ਤੌਰ ਤੇ ਸੁਘੜ ਅਧਿਆਤਮਕ ਪੁਰਖ, ਪਿਆਰ ਤੇ ਸਤਿਕਾਰ ਕਰਨ ਵਾਲੇ ਪਤੀ ਕਰਤੱਵਾਂ ਨੂੰ ਪੂਰੀ ਤਰਾਂ ਨਿਭਾਉਣ ਵਾਲੇ ਪਿਤਾ ਅਤੇ ਪੁਤਰ ਦੇ ਰੂਪ ਵਿਚ ਬਿਰਾਜਮਾਨ ਹਨ। ਫਿਰ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਬਜਾਇ ਜੇ ਅਸੀਂ ਉਹਨਾਂ ਦੀਆਂ ਮੂਰਤਾਂ ਅਗੇ ਸਿਰ ਝੁਕਾ ਕੇ ਹੀ ਆਪਣਾ ਫਰਜ਼ ਪੂਰਾ ਕਰ ਲਈਏ, ਤਾਂ ਕੀ ਇਹ ਦਿਆਨਤ-ਦਾਰੀ ਹੈ? ਸਵਾਲ ਦਾ ਜੁਆਬ ਦਿਤਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਦੀਆਂ ਮੂਰਤਾਂ ਅਗੇ ਸਿਰ ਨਿਵਾਉਣਾ ਸ਼ਰਧਾ ਦਾ ਹੀ ਸੂਚਕ ਹੈ। ਲੇਕਿਨ ਜਵਾਬ ਹੈ ਕਿ ਐਹੋ ਜਿਹੀ ਅੰਨੀ ਸ਼ਰਧਾ ਤੋਂ ਬਾਜ਼ ਆਉਣਾ ਹੀ ਬੇਹਤ੍ਰ ਹੈ। ਕੀ ਮੁਸਲਮਾਨਾਂ ਵਿਚ ਜਿਨ੍ਹਾਂ ਕਦੀ ਹਜ਼ਰਤ ਮੁਹੰਮਦ ਸਾਹਿਬ ਦੀ ਤਸਵੀਰ ਬਣਨ ਨਹੀਂ ਦਿਤੀ, ਸ਼ਰਧਾ ਦੀ ਘਾਟ ਹੈ। ਕੀ ਇਸਲਾਮ ਧਰਮ ਫੈਲਿਆ ਨਹੀਂ। ਜ਼ਰੂਰ ਫੈਲਿਆ ਹੈ ਤੇ ਮੂਰਤਾਂ ਵਲ ਝੁਕਾਉ ਤੋਂ ਬਗੈਰ ਹੀ ਅਜ ਅਰਬ, ਸੀਰਿਆ, ਈਰਾਨ, ਟਰਕੀ, ਪਾਕਿਸਤਾਨ, ਮਲੇਸ਼ਿਆ ਅਤੇ ਹੋਰ ਕਈ ਦੇਸ਼ ਮੁਸਲਮਾਨੀ ਦੇਸ਼ ਹਨ।

ਇਸ ਲਈ ਸਿਖਾਂ ਦੀਆਂ ਮੋਢੀ ਕਮੇਟੀਆਂ ਨੂੰ ਇਸ ਵੱਧ ਰਹੀ ਬੀਮਾਰੀ ਵਲ ਹੁਣ ਤੋਂ ਹੀ ਸੁਚਜੇ *



www.AKJ.Org

# ਆਤਮਕ ਮਾਰਗ ਦਾ ਪਾਂਧੀ

(ਵਲੋਂ :– ਪ੍ਰਿੰਸੀਪਲ ਸ੍ਰ: ਮੇਹਰ ਸਿੰਘ ਜੀ, ਡੇਹਰਾਦੂਨ (ਯੂ.ਪੀ.)

ਇਹ ਗਲ ਤਾਂ ਬਿਲਕੁਲ ਤੈਅ ਹੈ ਕਿ ਜਿਥੇ ਦੁਨਿਆਵੀ ਅਕਲ ਤੇ ਹੋਸ਼ਾ ਦੀ ਦੌੜ ਖਤਮ ਹੁੰਦੀ ਹੈ ਉਥੋਂ ਆਤਮਕ ਮਾਰਗ ਸ਼ੁਰੂ ਹੁੰਦਾ ਹੈ ਕਿਉਂ ਜੋ ਇਸ ਮਾਰਗ ਤੇ ਚਲਣ ਲਈ ਆਪਣੀ ਅਕਲ ਦਾ ਆਸਰਾ ਛਡਕੇ ਆਪਣੇ ਆਪ ਨੂੰ self surrender ਦੀ ਪਹੁਲ ਛਕਾ ਕੇ ਫੇਰ ਹੀ ਉਸ ਦਾਤੇ ਦੇ ਦਰ ਤੋਂ ਕੁਝ ਪ੍ਰਾਪਤੀ ਦੀ ਆਸ ਕੀਤੀ ਜਾਂਦੀ ਹੈ। ਮਨੁਖ ਆਪਣੀ ਅਕਲ ਦੇ ਖੰਭਾਂ ਨਾਲ ਦੁਨੀਆਂ ਦੀ ਯਾਤ੍ਰਾ ਬੇਸ਼ਕ ਸ਼ਾਨਦਾਰ ਤ੍ਰੀਕੇ ਨਾਲ ਕਰ ਸਕਦਾ ਹੈ ਪਰ ਇਸ ਦਾ ਆਤਮਕ ਪਹਿਲੂ ਖਾਲੀ ਰਹਿ ਜਾਨ ਪਰ ਇਸ ਦੇ ਜੀਵਨ ਦਾ ਅਸਲੀ aim ਪੂਰਾ ਨਹੀਂ ਹੋ ਸਕਦਾ। ਸਰੀਰ ਦੀ ਪੁਸ਼ਟਤਾ ਤੇ ਅਰੋਗਤਾ ਸਰੀਰ ਲਈ ਲਾਭਦਾਇਕ ਹੁੰਦੀ ਹੈ ਪਰ ਆਤਮਾ ਦੀ ਅਰੋਗਤਾ ਤੇ ਸ਼ੁਧਤਾ ਲਈ, ਸ਼ੁਧ ਤੇ ਭੋਲਾ ਮਨ ਚਾਹੀਦਾ ਹੈ। ਇਹ ਮਨ ਵੀ ਐਸਾ ਹੋਣਾ ਚਾਹੀਦਾ ਹੈ ਜੋ ਸਤਿ ਬਚਨੀਆਂ ਹੋਵੇ। ਗੁਰੂ ਦੀ ਦੀਖਿਆ ਪਾ ਕੇ why and how ਦੇ ਗੇੜ ਵਿਚ ਨਾ ਪੈ ਜਾਣ ਵਾਲਾ ਹੋਵੇ। ਇਹ ਮਨ ਇਕ ਧੁਰੇ ਤੇ ਖਲੋਣ ਵਾਲਾ ਹੋਣਾ ਚਾਹੀਦਾ ਹੈ। ਹੋਸ਼ਾ ਵਾਲਾ ਮਨ ਜਿਸ ਵਿਚ ਹੋਸ਼ਾ awakenings ਦੀ ਜਵਾਲਾ ਲਟ ਲਟ ਕਰ ਰਹੀ ਹੋਵੇ ਬਹੁਤ ਹਦ ਤਕ ਇਸ ਮਾਰਗ ਤੋਂ ਅਭਾਗਾ ਹੀ ਰਹਿ ਜਾਵੇਗਾ ਤਾਂ ਕੋਈ ਅਸਚਰਜ ਵਾਲੀ ਗੱਲ ਨਹੀਂ। ਇਕ ਮਹਾਨ ਕਵੀ ਨੇ ਐਸਾ ਕਿਹਾ ਹੈ ਤੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ–

ਹੋਸ਼ਾ ਨਾਲੋਂ ਮਸਤੀ ਚੰਗੀ,
ਜੇਹੜੀ ਰਖਦੀ ਸਦਾ ਟਿਕਾਣੇ।

ਜਿਸ ਹਦ ਤਕ ਇਸ ਮਨ ਦੀ ਨਿਰਮਲਤਾ, ਸਾਦਾ ਪਨ ਤੇ ਦ੍ਰਿੜਤਾ ਦਾ ਪ੍ਰਸ਼ਨ ਹੈ ਉਸ ਹਦ ਤਕ ਤਾਂ ਖੁਰਾਫਾਤੀ ਮਨ ਤਾਂ ਇਸ ਮਾਰਗ ਤੇ ਚਲਣਾ ਕੀ, ਇਸ ਮਾਰਗ ਦੀ ਰੂਪ ਰੇਖਾ ਨੂੰ ਹੀ ਸਮਝਨ ਤੋਂ ਖਾਲੀ ਰਵੇਗਾ ਕਿਉਂ ਜੋ ਪਹਿਲੋਂ ਮਨ ਦੀ ਖੁਰਾਫਾਤ ਕਢਨ ਦਾ ਯਤਨ ਜੇ ਨਾਂ ਕੀਤਾ ਜਾਵੇ ਤੇ ਫੇਰ ਦੋਵੇਂ ਚੀਜ਼ਾਂ ਦਾ (ਗੁਰਮਤਿ ਦਾ ਵਾਸਾ ਤੇ ਖੁਰਾਫਾਤ ਦਾ ਜ਼ਖੀਰਾ) ਇਕਠਾ ਰਹਿਣਾ ਬਨ ਨਹੀਂ ਸਕਦਾ। ਕਿਸੇ ਨੇ ਕਿਸੇ ਵਡੇ ਆਲਮ ਕੋਲੋਂ ਪੁਛਿਆ, ਹੇ ਮਿਤ੍ਰ, ਅਸੀ ਬੇਇਲਮ ਤਾਂ ਆਪਣਾ ਕੀ ਸਵਾਰ ਸਕਦੇ ਹਾਂ ਸੌਖਾ ਕੰਮ ਤੇ ਆਪ ਲਈ ਹੈ ਜੋ ਆਪਣੀ ਸਮਝ ਦੀ ਤਾਕਤ ਨਾਲ ਰੂਹਾਨੀ ਗਲਾਂ ਛੇਤੀ ਸਮਝ ਲੈਂਦੇ ਹੋ। ਉਸਨੇ ਕਿਹਾ ਸੋਹਣਾ ਉਤਰ ਦਿਤਾ 'ਜਿਥੋਂ ਤਕ ਮੈਂ ਸੋਚਦਾ ਹਾਂ ਮੇਰਾ ਇਹ ਇਲਮ ਮੈਨੂੰ ਰੂਹਾਨੀ ਗਲਾਂ ਸਮਝਨ ਵਿਚ ਬਹੁਤ ਹੀ ਭਾਰੀ ਰੁਕਾਵਟ ਹੈ। ਕਿਉਂ ਜੋ ਜਿਥੇ ਵੀ ਵਿਸ਼ਵਾਸ਼ ਨਾਲ ਅਗੇ ਵਧਨ ਦਾ ਮੌਕਿਆ ਆਉਂਦਾ ਹੈ ਮੇਰਾ ਮਨ how and why ਦੇ ਚਕਰ ਵਿਚ ਫਸ ਜਾਂਦਾ ਹੈ ਤੇ ਅਗੇ ਵਧਨੋਂ

---

*ਢੰਗ ਨਾਲ ਧਿਆਨ ਦੇਣਾ ਚਾਹੀਦਾ ਹੈ ਅਤੇ ਹਰ ਹੀਲੇ ਜੇ ਮੂਰਤਾਂ ਛਪਣੇ ਨਹੀਂ ਰੋਕ ਸਕਦੇ ਤਾਂ ਘਟੋ ਘਟ ਇਨਾਂ ਜ਼ਰੂਰ ਕਰਨਾ ਚਾਹੀਦਾ ਹੈ ਕਿ ਫੋਟੋਆਂ ਸਿਰਫ ਤਖਤ ਸਾਹਿਬਾਂ ਦੀਆਂ ਹੀ ਛਪਣ ਅਤੇ ਬਜ਼ਾਰ ਵਿਚ ਵਿਕਣ। ਗੁਰੂ ਸਾਹਿਬਾਨ ਦੀਆਂ ਫੋਟੋਆਂ ਬਾਰੇ ਮੁਖੀ ਵਿਦਵਾਨ ਸਜਨ ਵਿਚਾਰਨ ਅਤੇ ਲੁੜੀਂਦੀ ਕਾਰਵਾਈ ਵਾਸਤੇ ਪ੍ਰੇਰਨਾ ਕਰਨ ਪਰ ਇਹ ਵਾਕ ਨਹੀਂ ਭੁਲਾਇਆ ਜਾਣਾ ਚਾਹੀਦਾ।

ਥਾਪਿਆ ਨਾ ਜਾਇ ਕੀਤਾ ਨ ਹੋਇ।



www.AKJ.Org

ਰੁਕ ਜਾਂਦਾ ਹੈ ਇਹ ਮਨ ਤਾਂ ਮੇਰੇ ਲਈ ਐਸਾ ਅੜੀਅਲ ਘੋੜਾ ਹੈ ਜਿਹੜਾ ਕਿ ਖੁਸ਼ਾਮਦ ਮੰਨਦਾ ਹੀ ਨਹੀਂ' । ਠੀਕ ਹੈ ਜਦ ਤਕ ਵਿਦਿਆ ਪੜ੍ਹਨ ਨਾਲ ਮਨੁਖ ਦੇ ਅੰਦਰ ਦਾ ਭੋਲਾ ਪਨ ਪਾਲਸ਼ ਹੋ ਕੇ ਚਮਕ ਦੇਣ ਨਹੀਂ ਲਗਦਾ, ਵਿਦਿਆ ਦਾ ਭੰਡਾਰ ਉਸ ਮਨੁਖ ਲਈ ਆਤਮਕ ਖੋਜ ਦੇ ਰਸਤੇ ਵਿਚ ਰੁਕਾਵਟ ਹੈ। ਕੀ ਹੋਇਆ ਜੇ ਕੁਝ ਸਮਯ ਤਕ ਉਸ ਦੀ ਅਕਲ ਨੇ ਆਤਮਕ ਗਲਾਂ ਸਮਝੀਆਂ ਪਰ ਸਮਝਨ ਤੋਂ ਮਗਰੋਂ ਉਹ ਉਸਨੂੰ Practical shape ਦੇਣ ਵਿਚ ਉਨੀ ਸਰਲਤਾ ਤੇ smoothness ਨਹੀਂ ਆਵੇਗੀ ਜਿਨੀ ਕਿ ਭੋਲੇ ਭਾਲੇ ਅਨਪੜ੍ਹ ਮਨ (ਜਿਸ ਦੀ ਦਿਲ ਦੀ ਤਖ਼ਤੀ ਸਾਫ ਹੋਵੇ) ਉਤੇ ਆਵੇਗੀ।

ਅਨਭਵ ਗਵਾਹ ਹੈ ਕਿ ਕਿਸੇ ਛੋਟੇ ਤੋਂ ਛੋਟੇ ਤੇ ਅਸਾਨ ਤੋਂ ਅਸਾਨ ਕੰਮ ਦੇ ਸਿਖਨ ਲਈ ਵੀ guid nce ਦੀ ਜ਼ਰੂਰਤ ਹੁੰਦੀ ਹੈ । ਠੀਕ ਹੈ ਪਰ ਬਹੁਤ ਸਾਰੇ ਕੰਮ ਐਸੇ ਹੁੰਦੇ ਹਨ ਜਿਨਾਂ ਵਿਚ ਥੋੜੀ ਜੇਹੀ guidn ce ਦੇ ਮਗਰੋਂ ਨਿਰੰਤਰ ਅਭਿਆਸ ਦੀ ਜ਼ਰੂਰਤ ਹੁੰਦੀ ਹੈ । ਆਤਮਕ ਪਾਂਧੀ ਲਈ ਆਤਮਕ ਮਾਰਗ ਤੇ ਚਲਨ ਤੋਂ ਪਹਿਲੋਂ ਉਤੇ ਦਸੀਆਂ ਹੋਈਆਂ ਗਲਾਂ ਤੋਂ ਇਲਾਵਾ ਬੜੇ ਕੜੇ ਅਭਿਆਸ ਦੀ ਜ਼ਰੂਰਤ ਹੈ ਤੇ ਨਾਲ ਨਾਲ ਦੀ ਉਸਦੇ ਮਨ ਵਿਚ ਨਿਰਮਾਨਤਾ ਨਾਲ ਆਪਣੇ ਗੁਰੂ ਦੀ ਹਾਜ਼ਰੀ ਭਰਦਿਆਂ ਹੋਇਆਂ ਅਰਦਾਸਾਂ ਕਰਨ ਦੀ ਜ਼ਰੂਰਤ ਹੈ ਗੁਰੂ ਦੀਖਿਆ ਲੈਣ ਤੋਂ ਮਗਰੋਂ ਘਾਲਨਾ ਦੀ ਲੋੜ ਹੈ। ਇਹ ਮਨੁਖ ਘਾਲਨਾ ਦੀ ਭਠੀ ਵਿਚ ਪੈਕੇ ਹੀ ਪਾਰਸ ਬਣ ਸਕਦਾ ਹੈ। ਬਗੈਰ ਘਾਲਨਾ ਤੋਂ ਆਤਮਕ ਮਾਰਗ ਤੇ ਚਲਣ ਵਾਲਾ ਮਨ ਪਕਾ ਨਿਸਚਾ ਨਹੀਂ ਪ੍ਰਾਪਤ ਕਰ ਸਕਦਾ । ਕਿਉਂ ਜੋ ਘਾਲਨਾ ਨਾਲ ਹੀ ਉਹ ਰਸਤੇ ਦੇ ਉਚੇ ਨੀਵੇਂ ਥਾਵਾਂ ਤੋਂ ਪਾਰ ਹੋਵੇਗਾ। ਜਿਸ ਹਦ ਤਕ ਘਾਲਨਾ ਦਾ ਆਸਰਾ ਲੈ ਕੇ ਆਤਮਕ ਪਾਂਧੀ ਚਲੇਗਾ ਉਸ ਦਾ ਅਨੁਭਵ ਦੇਰ ਰਹਿਨ ਵਾਲਾ, ਪੁਰ ਅਸਰ ਤੇ ਦੂਰ ਪਹੁੰਚਣ ਵਾਲਾ ਹੋਵੇਗਾ । ਘਾਲਨਾ ਨਾਲ ਉਹ ਇਹ ਵੀ ਖਿਆਲ ਰਖੇ ਕਿ ਆਪਣੇ ਧੁਰੇ ਤੋਂ ਨਾ ਉਖੜੇ । ਜੇ ਧੁਰੇ ਤੋਂ ਉਖੜ ਗਿਆ ਤਾਂ ਔਝੜ ਪੈ ਜਾਵੇਗਾ । ਇਹ ਹੀ ਕਾਰਨ ਹੈ ਕਿ ਅਜ ਕਲ ਦੇ ਕਈ ਮਤ ਜੇਹੜੇ ਕਿ Commercial basis ਤੇ ਚਲ ਪਏ ਹੁੰਦੇ ਹਨ ਅਤੇ ਜੇਹੜੇ ਕਿ 'ਛੂ ਮੰਤ੍ਰ' ਨਾਲ momentary ਤੌਰ ਤੇ ਆਲੇ ਭੋਲੇ ਤੇ ਧੁਰੇ ਤੋਂ ਉਖੜੇ ਹੋਏ ਮਨੁਖਾਂ ਨੂੰ ਫਸਾ ਲੈਂਦੇ ਹਨ ਤੇ effect ਪਾ ਕੇ ਉਹਨਾਂ ਨੂੰ quick result ਦਿਖਾਉਣ ਦਾ ਝੂਠਾ ਭਰੋਸਾ ਦਿਲਾਉਂਦੇ ਹਨ, ਕਾਮਯਾਬ ਹੋ ਰਹੇ ਨਜ਼ਰ ਆਉਂਦੇ ਹਨ ਜਿਹੜੇ ਕਿ ਅਸਲ ਵਿਚ ਕਾਮਯਾਬ ਨਹੀਂ ਹਨ । ਕੇਵਲ ਦੁਨੀਆਂ ਨੂੰ ਆਪਣੀ ਚਤਰਾਈ ਦੇ ਜਾਲ ਵਿਚ ਫਸਾ ਆਪਨਾ ਉਲੂ ਸਿਧਾ ਕਰ ਰਹੇ ਹਨ । ਐਸੇ ਮਨੁਖ ਦਾ ਇਹ ਹਾਲ ਹੁੰਦਾ ਹੈ ਕਿ–

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ।

ਉਹਨਾਂ ਨੂੰ ਆਪਣੇ ਦਾਇਰੇ ਵਿਚ ਲਿਆਉਣ ਵਾਲੇ ਜੇ ਇਹ ਸਮਝਨ ਕਿ ਜੋ ਆਪਣੇ ਗੁਰੂ ਦਾ ਸਕਾ ਨਹੀਂ ਹੋਇਆ ਤੇ ਉਸ ਤੋਂ ਮੂੰਹ ਮੋੜ ਬੈਠਾ ਹੈ ਉਹ ਸਾਡਾ ਸਕਾ (sincere) ਕਿਵੇਂ ਹੋ ਸਕਦਾ ਹੈ । ਪਰ ਉਹਨਾਂ ਨੂੰ ਐਸਾ ਸੋਚਨ ਦੀ ਲੋੜ ਹੀ ਨਹੀਂ ਪੈਂਦੀ ਉਹਨਾਂ ਤੇ ਅਪਨਾ ਮਤਲਬ ਪੂਰਾ ਕਰਨਾ ਹੈ ਇਹੀ ਗਲ ਹੈ ਕਿ ਅਜ ਕਲ ਲੋਕ ਨਾਸਤਕ ਬਣ ਜਾਂਦੇ ਹਨ ।

ਆਤਮਕ ਪਾਂਧੀ ਨੂੰ ਇਥੇ ਬਹੁਤ ਜ਼ਰੂਰੀ ਹੈ ਕਿ ਉਹ ਹੁਸ਼ਿਆਰ ਰਵੇ ਤਾਂ ਆਪਣੇ ਖਸਮ ਦਾ ਹੀ ਬਨੇ । ਕਈ ਕਹਿੰਦੇ ਹਨ ਕਿ ਅੰਧ ਵਿਸ਼ਵਾਸ਼ ਠੀਕ ਨਹੀਂ ਹੁੰਦਾ । ਅਨਭਵ ਨੇ ਦਸਿਆ ਹੈ ਕਿ ਇਹ ਅੰਧ ਵਿਸ਼ਵਾਸ਼ ਹੀ ਬਹੁਤ ਸਾਰੇ ਮਨੁਖਾਂ ਦੇ ਉਧਾਰ ਦਾ ਕਾਰਨ ਬਨਿਆ, ਬਨਦਾ ਹੈ ਤੇ ਬਨੇਗਾ ਤੇ ਬਨਦਾ ਰਵੇਗਾ । ਕਿਸੇ ਚੀਜ਼ ਨੂੰ ਗ੍ਰਹਿਨ ਕਰਨ ਲਈ ਅੰਧ ਵਿਸ਼ਵਾਸ਼ ਦਾ ਹੋਣਾ ਜ਼ਰੂਰੀ ਹੈ । ਅੰਧ ਵਿਸ਼ਵਾਸ਼ ਤੋਂ ਮਤਲਬ ਇਹ ਹੈ ਕਿ "ਪਕਾ ਵਿਸ਼ਵਾਸ਼" ਜਿਵੇਂ ਅੰਨ੍ਹਾਂ ਆਦਮੀ ਵਿਸ਼ਵਾਸ਼ ਕਰ ਲੈਂਦਾ ਹੈ ਕਿ ਅਮੁਕ ਚੀਜ਼ ਦਾ ਆਕਾਰ ਅਮੁਕ ਹੈ ਤੇ ਅਮੁਕ ਚੀਜ਼ ਦਾ ਲਾਭ ਐਸਾ ਐਸਾ ਹੈ ਇਸੇ ਪ੍ਰਕਾਰ ਹੀ ਆਤਮਕ



www.AKJ.Org

ਪਾਂਧੀ ਨੂੰ ਸਾਵਧਾਨ ਹੋਣ ਤੋਂ ਉਪਰੰਤ ਆਪਣੇ ਵਿਸ਼ਵਾਸ਼ ਨੂੰ ਪੱਕਾ ਰਖਕੇ ਚਲਣਾ ਪਵੇਗਾ। ਅਹੰਕਾਰ ਇਕ ਐਸੀ ਨਾਮੁਰਾਦ ਚੀਜ਼ ਹੈ ਕਿ ਇਹ ਇਕ ਬਿਨ ਬੁਲਾਏ ਮੈਹਮਾਨ ਦੀ ਤਰ੍ਹਾਂ ਆਪਨੇ ਆਪ ਹੀ ਚਕਰ ਲਾਉਂਦਾ ਫਿਰਦਾ ਹੈ ਅਤੇ ਇਸਦਾ ਫੇਰਾ ਖਾਸ ਕਰਕੇ ਆਤਮਕ ਪਾਂਧੀਆਂ ਵਲ ਬਹੁਤ ਹੁੰਦਾ ਹੈ। ਇਹ ਕਿਉਂ ? ਇਹ ਇਸ ਵਾਸਤੇ ਕਿ ਮਨੁਖ ਦਾ ਕੁਦਰਤੀ ਸੁਭਾਵ ਹੈ ਕਿ ਜਦੋਂ ਉਹ ਕੋਈ ਚੀਜ਼ ਪ੍ਰਾਪਤ ਕਰਦਾ ਹੈ ਉਹ ਬਹੁਤ ਖੁਸ਼ ਹੁੰਦਾ ਹੈ। ਖੁਸ਼ੀ ਵਿਚ ਉਸਦੇ ਆਪਣੇ expression ਦਾ flow (ਵੇਗ) ਉਸਦੇ ਕਾਬੂ ਵਿਚ ਨਹੀਂ ਰਹਿ ਸਕਦਾ। ਇਸ ਲਈ ਮਨੁਖ ਅਹੰਕਾਰ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਜਿਥੇ ਉਹ ਅਹੰਕਾਰ ਦਾ ਸ਼ਿਕਾਰ ਬਣਿਆ ਉਥੇ ਹੀ ਮੂਹਦੇ ਮੂੰਹ ਗਿਰਿਆ। ਇਹ ਕਲਜੁਗ ਦੇ ਲਸ਼ਕਰ ਦਾ ਪਹਿਲਾ ਸਿਪਾਹੀ (ਅਹੰਕਾਰ) ਕਾਮਯਾਬ ਹੋਕੇ ਆਤਮਕ ਪਾਂਧੀ ਨੂੰ ਉਠਣ ਨਹੀਂ ਦੇਂਦਾ। ਜੇ ਉਹ ਪਾਂਧੀ ਬਚ ਬਚਾਕੇ, ਕੁਝਕੁ ਹਿੰਮਤ ਕਰਕੇ ਅਗੇ ਵਧੇ ਤੇ ਫੇਰ ਲਸ਼ਕਰ ਦੇ ਬਾਕੀ ਸਿਪਾਹੀ, ਕਾਮ, ਕ੍ਰੋਧ ਲੋਭ, ਮੋਹ, ਦਿਖਾਵਾ, ਈਰਖਾ ਇਤ ਆਦਿ ਆਪਣੇ ਲੰਗਰ ਲੰਗੋਟੇ ਕਸਕੇ ਵਾਰੋ ਵਾਰੀ ਆ ਹਮਲਾ ਕਰਦੇ ਹਨ। ਮਨੁਖ ਕੀ ਕਰੇ ਇਸੇ ਪਰਥਾਏ ਤਾਂ ਗੁਰਬਾਣੀ ਵਿਚ ਵੀ ਲਿਖਿਆ ਹੈ ਕਿ–

ਅਵਰਿ ਪੰਚ ਹਮ ਏਕ ਜਨਾ।
ਕਿਉ ਰਾਖਉ ਘਰ ਬਾਰੁ ਮਨਾ।
ਮਾਰਹਿ ਲੂਟਹਿ ਨੀਤ ਨੀਤ,
ਕਿਸੁ ਆਗੈ ਕਰੀ ਪੁਕਾਰ ਜਨਾ।

ਗੁਰੂ ਸਾਹਿਬਾਨ ਨੇ ਵੀ ਸਹਿਸਕ੍ਰਿਤੀ ਸਲੋਕਾਂ ਵਿਚ ਵੀ ਕਲਜੁਗ ਦੇ ਇਹਨਾਂ ਪੰਜਾਂ ਰੁਕਨਾਂ ਦਾ ਨਕਸ਼ਾ ਖਿੱਚਕੇ ਮਨੁਖ ਨੂੰ ਇਹਨਾਂ ਤੋਂ ਬਚਣ ਦਾ ਆਦੇਸ਼ ਦਿਤਾ ਹੈ।

ਆਤਮਕ ਰਾਹ ਦੇ ਪਾਂਧੀ ਨੂੰ ਔਕੜਾਂ ਬਹੁਤ ਆਉਂਦੀਆਂ ਹਨ ਪਰ ਸੋਨੇ ਦੇ ਤਪਨ ਵਾਂਙੂ ਜਿਨਾਂ ਔਕੜਾਂ ਨੂੰ ਉਹ ਸਾਬਤ-ਕਦਮੀ ਨਾਲ ਸਾਹਮਣਾ ਕਰਕੇ ਪਾਰ ਕਰੇਗਾ, ਉਤਨਾ ਹੀ ਉਹ ਪੱਕਾ ਹੁੰਦਾ ਜਾਏਗਾ। ਆਤਮਕ ਮਾਰਗ ਤੇ ਚਲਣ ਦੇ ਚਾਹਵਾਨ ਨੂੰ ਅਪਣਾ ਲਖਸ਼ ਨਹੀਂ ਭੁਲਣਾ ਚਾਹੀਦਾ।

ਐਸਾ ਵੀ ਕਈ ਵਾਰ ਹੁੰਦਾ ਹੈ ਕਿ ਕੁਝ ਅਗੇ ਵਧ ਜਾਣ ਤੋਂ ਮਗਰੋਂ ਉਸਨੂੰ ਜੋ ਕੁਝ ਝਲਕਾਰੇ ਆਉਂਦੇ ਹਨ ਉਹ ਉਹਨਾਂ ਵਿਚ ਮਗਨ ਹੋ ਜਾਣ ਵਲ ਆਪਣਾ ਝੁਕਾਉ ਦਸਣ ਲਗਦਾ ਹੈ ਇਸ ਸਮੇਂ ਉਸਨੂੰ ਥੋੜ-ਦਿਲੇ ਬਾਲਕ ਵਾਙੂ ਛੋਟੀ ਜੇਹੀ ਚੀਜ਼ ਤੇ ਪ੍ਰਸੰਨ ਹੋ ਕੇ ਹੀ ਚੁਪ ਕਰ ਜਾਣਾ ਤੇ ਆਪਣਾ ਕੰਮ (aim) ਛਡ ਨਹੀਂ ਦੇਣਾ ਚਾਹੀਦਾ, ਤੇ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਆਪਣੇ (aim) ਤੇ ਪਹੁੰਚ ਗਿਆ ਹੈ। ਅਗੇ ਜਾਗੇ ਚਲ ਕੇ ਜ਼ਬਾਨ ਦੀ ਸ਼ਕਤੀ ਵੀ ਮਿਲ ਜਾਂਦੀ ਹੈ ਜੋ ਅਨਭੋਲ ਕਹੇ ਉਹ ਸਚ ਹੋ ਜਾਂਦਾ ਹੈ ਤੇ ਆਮ ਦੁਨੀਆਂਦਾਰਾਂ ਦੀ ਵਾਹ ਵਾਹ ਦਾ ਕਾਰਨ ਹੋ ਜਾਂਦਾ ਹੈ ਇਹ ਵੀ ਥਾਂ ਤੇ ਮੌਕਾ ਉਸਦੇ ਤਿਲਕਣ ਵਾਲਾ ਹੈ ਇਥੇ ਵੀ ਉਸਨੂੰ ਸਾਵਧਾਨ ਹੋਣਾ ਪਵੇਗਾ। ਹਰ ਵੇਲੇ ਪਾਂਧੀ ਨੂੰ ਨਜ਼ਾਰੇ ਜਰਨ ਦੀ ਆਦਤ ਪਾਉਣ ਦਾ ਖ਼ਿਆਲ ਰਖਣਾ ਚਾਹੀਦਾ ਹੈ ਨਹੀਂ ਤੇ ਆਤਮਕ ਤਰੱਕੀ ਰੁਕ ਜਾਵੇਗੀ ਕਿਉਂਕਿ ਇਹ ਦਸਣਾ ਹੀ ਅਹੰਕਾਰ ਨੂੰ ਸੱਦਾ ਦੇਣਾ ਹੈ। ਹਾਂ ਜੇ ਤੁਸਾਂ ਇਹਨਾਂ ਨਜ਼ਾਰਿਆਂ, ਚਮਤਕਾਰਾਂ ਤੇ ਸ਼ਕਤੀਆਂ ਇਤ ਆਦਿ ਦਾ ਜ਼ਿਕਰ ਕਿਸੇ ਆਤਮਕ ਦ੍ਰਿਸ਼ਟੀ ਵਾਲੇ ਪ੍ਰੇਮੀ ਅਗੇ ਕਰਕੇ ਇਸਦਾ ਇਲਾਜ ਪੁਛਣਾ ਹੋਵੇ ਤਾਂ ਬੜੀ ਨਿੰਮਰਤਾ ਨਾਲ ਕਾਰਨ ਤੇ ਹੱਲ ਪੁਛ ਕੇ ਇਹਨਾਂ ਤੋਂ ਸਾਵਧਾਨ ਰਹਿਣ ਲਈ ਉਸ ਪ੍ਰੇਮੀ ਦੀ ਦਸੀ ਹੋਈ ਤਜਵੀਜ਼ ਤੇ ਅਮਲ ਕਰ ਸਕਦੇ ਹੋ।

ਆਤਮਕ ਪਾਂਧੀ 90 ਫ਼ੀ ਸਦੀ ਇਕ ਭੁਲੇਖੇ ਵਿਚ ਪੈ ਜਾਂਦੇ ਹਨ ਉਹ ਇਹ ਹੈ ਕਿ ਜਦੋਂ ਪਹਿਲੇ ਪਹਿਲ ਉਹ ਚਲਣਾ ਸ਼ੁਰੂ ਕਰਦੇ ਹਨ, ਉਹਨਾਂ ਨੂੰ ਖ਼ੂਬ ਆਨੰਦ ਆਉਂਦਾ ਹੈ ਕਿਉਂ ਜੋ ਅੰਦਰਲਾ ਚਾਅ ਤੇ ਜੋਸ਼ ਉਹਨਾਂ ਦੇ ਸ਼ਾਮਲੇ-ਹਾਲ ਹੁੰਦਾ ਹੈ। ਉਹ ਦਿਲੋਂ ਖਾਹਸ਼ ਕਰਦੇ ਹਨ ਕਿ ਉਹ ਆਤਮਕ ਮਾਰਗ ਤੇ ਚਲਣ ਤੇ ਆਪਣਾ ਅਗਲਾ ਜਨਮ ਸਵਾਰਨ। ਠੀਕ ਹੈ। ਕੌਣ ਹੈ ਜੋ ਆਪਣੇ ਅਸਲੇ



www.AKJ.Org

ਨੂੰ ਭੁਲਣਾ ਪਸੰਦ ਕਰਦਾ ਹੈ । ਉਹ ਫੇਰ ਕੁਝ ਚਿਰ ਮਗਰੋਂ ਪਹਿਲੇ ਵਰਗਾ ਸਵਾਦ ਤੇ ਰਸ ਮਹਿਸੂਸ ਨਹੀਂ ਕਰਦੇ ਤੇ ਇਹ ਸੋਚਦੇ ਹਨ ਕਿ ਉਹਨਾਂ ਦੇ ਭੈੜੇ ਕਰਮਾਂ ਕਰਕੇ ਉਹਨਾਂ ਨੂੰ ਕੁਝ ਪ੍ਰਾਪਤ ਨਹੀਂ ਹੋ ਰਿਹਾ । ਉਹ ਨਿਰਾਸ ਹੋ ਜਾਂਦੇ ਹਨ ਉਹ ਢੇਰੀ ਢਾਹ ਕੇ ਬੈਠ ਜਾਂਦੇ ਹਨ ਤੇ ਕਹਿਨ ਲਗ ਪੈਂਦੇ ਹਨ 'ਕੀ ਪਿਆ ਹੋਇਆ ਹੈ ਇਸ ਸਾਰੇ ਕਰਮ ਕਾਂਡ ਵਿਚ ? ਇਹ ਸਭ ਬੇਕਾਰ ਹਨ, ਕੁਝ ਪ੍ਰਾਪਤ ਨਹੀਂ ਹੋਇਆ' ਐਸੇ ਮਨੁਖ ਆਪਣੀ ਕਾਹਲ ਨਾਲ ਆਪ ਹੀ ਗੁਮਰਾਹ ਹੋ ਜਾਂਦੇ ਹਨ । ਐਸੇ ਮਨੁਖਾਂ ਵਿਚੋਂ ਕਈ ਤਾਂ ਛੇਤੀ ਪਾ ਲੈਣ ਦੀ ਖਾਹਸ਼ ਰਖਨ ਵਾਲੇ ਹੁੰਦੇ ਹਨ ਤੇ ਕਈ ਜੇਹੜੇ ਕਿ ਸਚੇ ਤੇ ਸੁਚੇ ਦਿਲ ਵਾਲੇ ਹੋਣ ਕਰਕੇ ਵੀ ਬੇ ਹੌਸਲਾ ਹੋ ਕੇ ਸਭੋ ਕੁਝ ਛਡ ਦੇਂਦੇ ਹਨ। ਉਹ ਭੋਲੇ ਇਹ ਨਹੀਂ ਸਮਝਦੇ ਕਿ ਇਹ ਭੁਲੇਖਾ ਯਾ ਤੋਟ ਉਹਨਾਂ ਦੀ ਇਕ ਹਾਲਤ ਤੋਂ ਦੂਜੀ ਹਾਲਤ ਅਰਥਾਤ ਉਹਨਾਂ ਦੀ ਸੁਰਤ ਦਾ ਇਕ ਚਕਰ ਤੋਂ ਦੂਜੇ ਚਕਰ ਵਿਚ ਪਹੁੰਚਨ ਕਰਕੇ ਹੈ ਅਸਲ ਵਿਚ ਉਹ ਠੀਕ ਚਲਦੇ ਪਏ ਹੁੰਦੇ ਹਨ ਤੇ proper guidence ਠੀਕ ਰਾਹ ਨੁਮਾਈ ਦੇ ਨ ਹੋਣ ਕਰਕੇ 'ਜੰਗਲ ਮੇਂ ਮੋਰ ਨਾਚਾ ਕਿਸ ਨੇ ਦੇਖਾ' ਦੇ ਭਾਵ ਮੁਤਾਬਕ ਆਪਨੇ ਦਿਲ ਦੀ ਕਲੀ ਨੂੰ ਆਪ ਹੀ ਖਿੜਾ ਕੇ ਤੇ ਅਪਨੇ ਆਪ ਹੀ ਬੰਦ ਕਰ ਲੈਂਦੇ ਹਨ । ਇਸ ਪ੍ਰਕਾਰ ਦੇ ਮਨੁਖ ਕੁਝ ਸਮੇਂ ਲਈ ਭੁਲੇਖੇ ਵਿਚ ਰਹਿ ਕੇ ਫੇਰ ਕਿਸੇ ਸਮੇਂ ਗੁਰੂ ਕ੍ਰਿਪਾ ਦਵਾਰਾ ਉਸੇ ਠੀਕ ਮਾਰਗ ਤੇ ਚਲ ਪੈਂਦੇ ਹਨ । ਕੇਵਲ ਇਸ ਸਮੇਂ ਉਹਨਾਂ ਦੇ ਕਰਮ ਪੂਰੇ ਖੁਲ੍ਹੇ ਨਹੀਂ ਹੁੰਦੇ । ਸੋ ਇਸ ਤੋਂ ਇਹ ਸਿੱਧ ਹੋਇਆ ਕਿ ਜੇ ਆਤਮਕ ਪਾਂਧੀ ਨੂੰ ਮਾਰਗ ਤੇ ਚਲਦਿਆਂ ਕਿਸੇ ਸਮੇਂ ਬੇਰਸੀ ਜੇਹੀ ਮਹਿਸੂਸ ਹੋਵੇ ਤਾਂ ਉਹ ਘਬਰਾਏ ਨਹੀਂ ਉਹ ਇਹ ਸਮਝੇ ਕਿ ਜੇ ਉਹ ਵਾਹਿਗੁਰੂ ਰਸ ਦਾ ਦਾਤਾ ਹੈ ਤੇ ਇਹ ਬੇਰਸੀ ਤੇ ਮਾਯੂਸੀ (ਜੋ ਆਰਜ਼ੀ ਹੁੰਦੀ ਹੈ) ਵੀ ਉਹ ਹੀ ਦੇਣ ਵਾਲਾ ਹੈ । ਜੇ ਰਸ ਦੇ ਦਿਨ ਨਹੀਂ ਰਹੇ ਤਾਂ ਇਹ ਬੇਰਸੀ ਦੇ ਦਿਨ ਵੀ ਨਹੀਂ ਰਹਿਣਗੇ । ਇਸ ਲਈ ਉਸ ਨੂੰ ਸਾਬਤ ਕਦਮੀ ਨਾਲ ਆਪਣਾ ਅਭਿਆਸ ਛਡਣਾ ਨਹੀਂ ਚਾਹੀਦਾ ਸਗੋਂ ਅਜੇਹੇ ਸਮੇਂ ਤੇ ਅਰਦਾਸ ਕਰਨਾ ਬਹੁਤ ਜ਼ਰੂਰੀ ਹੈ ਤੇ ਲਾਭਦਾਇਕ ਵੀ ਹੈ । ਪਤੰਗਾ ਕੀ ਤੇ ਦੀਵੇ ਦੀ ਲਾਟ ਤੋਂ ਪਿਛਾਂ ਹਟਣਾ ਕੀ ?

ਇਸੇ ਵਾਸਤੇ ਤਾਂ ਆਤਮਕ ਪਾਂਧੀਆਂ ਲਈ ਸੰਗਤ ਬਹੁਤ ਲਾਜ਼ਮੀ ਹੈ ਜਿਸ ਤੋਂ ਸੁਚੱਜਾ ਗਿਆਨ ਪ੍ਰਾਪਤ ਹੋਣ ਮਗਰੋਂ ਪਾਂਧੀ ਨੂੰ ਆਪਣੇ ਰਸਤੇ ਤੋਂ ਖੁੰਝਣ ਦਾ ਭੈ ਨਹੀਂ ਰਹਿੰਦਾ। ਬੇਸ਼ਕ ਗੁਰੂ ਸਾਹਿਬਾਨ ਦਾ ਫ਼ੁਰਮਾਨ ਹੈ 'ਕੋਈ ਵਿਰਲਾ ਗੁਰਮਤਿ ਚਲੈ ਜੀਉ' ਗੁਰਮਤਿ ਤੇ ਚਲਣਾ ਬੜਾ ਕਠਿਨ ਹੈ ਪਰ ਗੁਰੂ ਕ੍ਰਿਪਾ ਨਾਲ ਸਿਖ ਛਾਲਾਂ ਮਾਰਦਾ ਗੁਰਮਤਿ ਪੈਂਡਾ ਤੈਅ ਕਰਦਾ ਹੈ ਤੇ ਮਹਾਵਾਕਾਨੁਸਾਰ 'ਅਗੇ ਪੁਛ ਨ ਹੋਵਈ ਸਨ ਨੀਸਾਣੈ ਜਾਏ ।' ਉਹ ਆਤਮਕ ਪਾਂਧੀ ਦਾਤੇ ਦੀ ਦਰਗਾਹ ਵਿਚ ਸ਼ਰਫ਼ੇ ਕਬੂਲੀਅਤ ਹਾਸਲ ਕਰਦਾ ਹੈ।


# ਸੇਵਾ ਤੋਂ ਲਾਭ ਉਠਾਉ !

**ਹਰ ਕਿਸਮ ਦੇ ਕੈਸ਼ਮੀਮੋ, ਲੈਟਰ ਪੈਡ, ਬਿਲਬੁਕਾਂ, ਫ਼ਾਰਮ, ਇਸ਼ਤਿਹਾਰ ਆਦਿ ਦੀ ਪੰਜਾਬੀ, ਅੰਗ੍ਰੇਜ਼ੀ ਅਤੇ ਹਿੰਦੀ ਵਿਚ ਸੁੰਦਰ ਤੇ ਸਸਤੀ ਛਪਾਈ ਕਰਵਾਉਣ ਲਈ ਸਾਡੀ ਸੇਵਾ ਤੋਂ ਲਾਭ ਉਠਾਉ ।**

**ਪ੍ਰਬੰਧਕ, ਮੈਨੇਜਰ—**

## ਸੂਰਾ ਪ੍ਰਿੰਟਿੰਗ ਪ੍ਰੈਸ,

**ਰਾਘੋਮਾਜਰਾ, ਪਟਿਆਲਾ ।**




www.AKJ.Org

# ** ++ ਹੁਕਮਿ ਰਜਾਈ ** ++

(ਵਲੋਂ:– ਪ੍ਰੋ: ਹਰਬੰਸ ਸਿੰਘ ਜੀ, ਲੁਧਿਆਣਾ)

ਸੱਚ ਅਤੇ ਝੂਠ, ਚਾਨਣ ਅਤੇ ਹਨ੍ਹੇਰੇ ਵਾਂਗ ਸਿੱਧ ਅਤੇ ਪੁੱਠ ਹਨ। ਸਿੱਧੇ ਰਾਹ ਚਲਦਿਆਂ ਮੰਜ਼ਲ ਤੇ ਪੁਜ ਜਾਈਦਾ ਹੈ। ਅਤੇ ਪੁਠੇ ਗੇੜ ਵਿਚ ਪਿਆਂ ਭੰਬਲ ਭੂਸੇ ਜਾ ਫਸੀਦਾ ਹੈ। ਸੱਚੇ ਰਸਤੇ ਚਲਿਆਂ ਸੁਖ ਅਤੇ ਕੂੜੇ ਰਾਹ ਟੁਰਿਆਂ ਦੁਖ। ਸਚੇ ਰਾਹ ਚਲਦਿਆਂ ਦੁਨੀਆਂ ਭੀ ਸਿਫਤਾਂ ਕਰਦੀ ਹੈ ਅਤੇ ਝੂਠਾ ਵਿਹਾਰ ਕਰਨ ਵਾਲੇ ਨੂੰ ਫਿਟਕਾਰਾਂ ਹੀ ਫਿਟਕਾਰਾਂ। ਗੁਰੂ ਨਾਨਕ ਸਾਹਿਬ ਨੇ 'ਜਪੁ ਜੀ' ਵਿਚ ਇਉਂ ਪ੍ਰਸ਼ਨ ਕੀਤਾ ਹੈ:–

'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।'

ਸਚਿਆਰਾ ਕਿਵੇਂ ਬਣਿਆ ਜਾਏ ਝੂਠ ਦੀਆਂ ਪਾਲਾਂ ਕਿਵੇਂ ਟੁਟਣ ? ਇਸ ਦਾ ਉੱਤਰ ਇਉਂ ਦਿਤਾ ਗਿਆ ਹੈ:–

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।'

ਅਕਾਲ ਪੁਰਖ ਦੀ ਰਜ਼ਾ ਵਿੱਚ ਉਸ ਦਾ ਹੁਕਮ ਮੰਨਣ ਨਾਲ ਸਚਿਆਰਾ ਬਣਿਆ ਜਾ ਸਕਦਾ ਹੈ ਅਤੇ ਰਸਤੇ ਵਿੱਚੋਂ ਕੂੜ-ਕਬਾੜਾ ਝੂਠ-ਤੁਫਾਨ ਉਡ ਸਕਦਾ ਹੈ, ਸਚਿਆਰਾ ਬਨਣ ਲਈ ਸੱਚ ਦਾ ਰਾਹ ਫੜਨਾ ਪੈਂਦਾ ਹੈ ਅਤੇ ਸੱਚੇ ਰਸਤੇ ਦਾ ਥੋਹ ਪਤਾ ਵਾਹਿਗੁਰੂ ਦੇ ਭਾਣੇ ਅੰਦਰ ਰਹਿੰਦਿਆਂ ਹੁਕਮ ਮੰਨਣ ਨਾਲ ਲਗਦਾ ਹੈ, ਹੁਕਮ-ਮੰਨਣ ਨਾਲ ਹੀ ਵਾਹਿਗੁਰੂ ਸ਼ਹੁ ਪਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਬਾਰੇ ਇਉਂ ਲਿਖਿਆ ਹੈ:

ਜਾਇ ਪੁਛਹੁ ਸੋਹਾਗਣੀ ਵਾਹੈ
ਕਿਨੀ ਬਾਤੀ ਸਹੁ ਪਾਈਐ।
ਜੋ ਕਿਛੁ ਕਰੇ ਸੋ ਭਲਾ ਕਰ ਮਾਨੀਐ
ਹਿਕਮਤਿ ਹੁਕਮੁ ਚੁਕਾਈਐ।
ਜਾਕੈ ਪ੍ਰੇਮਿ ਪਦਾਰਥੁ ਪਾਈਐ
ਤਉ ਚਰਣੀ ਚਿਤੁ ਲਾਈਐ।
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ
ਐਸਾ ਪਰਮਲੁ ਲਾਈਐ।
ਏਵ ਕਹਹਿ ਸੋਹਾਗਣੀ ਭੈਣੇ
ਇਨੀ ਬਾਤੀ ਸਹੁ ਪਾਈਐ।

ਗੁਰੂ ਸਾਹਿਬ ਨੇ ਤਾਕੀਦ ਕੀਤੀ ਹੈ ਕਿ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦੇ ਹੋਏ ਉਹੋ ਕੁਝ ਕਰੋ ਜੋ ਵਾਹਿਗੁਰੂ ਸ਼ਹੁ ਕਹੇ ਭਾਵ ਹੁਕਮ ਕਰੇ। ਇਸ ਤਰ੍ਹਾਂ ਕਰਨ ਨਾਲ ਕੀ ਮਿਲੇਗਾ, ਉਹ ਇਉਂ ਦਸਿਆ ਹੈ :—

ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ।
ਖਸਮੈ ਭਾਵੈ ਸੋ ਕਰੇ
ਮਨਹੁ ਚਿੰਦਿਆ ਸੋ ਫਲੁ ਪਾਇਸੀ।
ਤਾ ਦਰਗਹ ਪੈਧਾ ਜਾਇਸੀ।

ਹੁਕਮ ਮੰਨਣ ਨਾਲ ਜੀਵ ਕਬੂਲਿਆ ਜਾਂਦਾ ਹੈ ਅਤੇ ਸੱਚੀ ਦਰਗਾਹ ਵਿੱਚ ਢੋਈ ਮਿਲਦੀ ਹੈ। ਜੋ ਖਸਮ ਨੂੰ ਚੰਗਾ ਲਗੇ ਜੇ ਉਹੋ ਕੁਝ ਕਰੇ ਤਾਂ ਮਨ ਮੰਗੀ ਮੁਰਾਦ ਮਿਲ ਜਾਂਦੀ ਹੈ। ਇਨਸਾਨ ਇਹੋ ਤੇ ਚਾਹੁੰਦਾ ਹੈ ਕਿ ਉਸ ਦੀਆਂ ਮੁਰਾਦਾਂ ਪੂਰੀਆਂ ਹੋਣ, ਦੁਖ ਤਕਲੀਫ਼ਾਂ ਉਸਦੇ ਰਸਤੇ ਵਿਚੋਂ ਦੂਰ ਹੋਣ ਅਤੇ ਉਸ ਦੀ ਜੀਵਨ ਕਿਸ਼ਤੀ ਇਸ ਭਵ-ਸਾਗਰ ਵਿਚ



www.AKJ.Org

ਬੇਲਾਗ ਸਫ਼ਰ ਕਰਦੀ ਆਪਣੇ ਕਿਨਾਰੇ ਤੇ ਪੁਜ ਜਾਵੇ । ਗੁਰੂ ਸਾਹਿਬ ਨੇ ਇਸ ਦਾ ਉਪਰਾਲਾ ਰਜ਼ਾ ਵਿਚ ਰਹਿਣਾ ਅਤੇ ਹੁਕਮ ਮੰਨਣਾ ਦੱਸਿਆ ਹੈ। ਆਓ ਹੁਣ ਜ਼ਰਾ ਵਿਚਾਰੀਏ ਕਿ ਗੁਰਸਿਖ ਵਾਸਤੇ ਗੁਰੂ ਦਾ ਕੀ ਹੁਕਮ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਇਉਂ ਕਹਿਆ ਹੈ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ।
ਸੋ ਭਲਕੇ ਉਠਿ ਹਰਿਨਾਮੁ ਧਿਆਵੈ ।
ਉਦਮੁ ਕਰੇ ਭਲਕੇ ਪਰਭਾਤੀ ।
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ।
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ।
ਬਹਦਿਆ ਉਠਦਿਆ ਹਰਿਨਾਮੁ ਧਿਆਵੈ ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ।

ਗੁਰੂ ਸਾਹਿਬ ਨੇ ਆਪਣੇ ਸਿਖ ਲਈ ਹੁਕਮ ਦਿਤਾ ਹੈ ਕਿ—

੧. ਅੰਮ੍ਰਿਤ ਵੇਲੇ ਜਾਗ ਕੇ ਵਾਹਿਗੁਰੂ ਨਾਮ ਜਪੇ ।

੨. ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੇ ਅਤੇ ਅੰਮ੍ਰਿਤ ਕੁੰਡ ਵਿਚ ਨ੍ਹਾਵੇ ਅਥਵਾ ਨਾਮ ਜਪਣ ਦਾ ਉਪਰਾਲਾ ਕਰੇ ।

੩. ਗੁਰੂ ਦੇ ਉਪਦੇਸ਼ 'ਵਾਹਿਗੁਰੂ ਵਾਹਿਗੁਰੂ ਜਾਪ' ਦਾ ਜਪੁ ਕਰੇ । ਸਾਰੇ ਕਿਲਵਿਖ, ਪਾਪ ਅਤੇ ਦੋਖ ਲਹਿ ਜਾਣਗੇ ।

੪. ਜਦੋਂ ਦਿਨ ਚੜ੍ਹ ਜਾਵੇ ਤਾਂ ਗੁਰਬਾਣੀ ਗਾਵੇ ਅਥਵਾ ਗੁਰਬਾਣੀ ਦਾ ਕੀਰਤਨ ਕਰੇ ।

੫. ਗੁਰੂ ਨੂੰ ਚੰਗਾ ਲਗਣ ਵਾਸਤੇ ਆਪ ਸਵਾਸ ਸਵਾਸ ਨਾਮ ਜਪੇ ਅਤੇ ਦੂਜਿਆਂ ਨੂੰ ਨਾਮੁ ਜਪਾਵੇ ।

ਇਸ ਦਾ ਭਾਵ ਇਹ ਹੈ ਕਿ ਗੁਰਸਿਖ ਨੂੰ—

(ੳ) ਅੰਮ੍ਰਿਤ ਵੇਲੇ ਉਠਣਾ ਚਾਹੀਦਾ ਹੈ ।

(ਅ) ਤਨ ਦੀ ਸਫ਼ਾਈ ਵਾਸਤੇ ਇਸ਼ਨਾਨ ਕਰਨਾ ਚਾਹੀਦਾ ਹੈ ।

(ੲ) ਮਨ ਦੀ ਸਫ਼ਾਈ ਵਾਸਤੇ ਨਾਮ ਜਪਣਾ ਚਾਹੀਦਾ ਹੈ ।

(ਸ) ਕਿਉਂ ਜੋ ਦੂਜਿਆਂ ਦੇ ਭਲੇ ਵਿਚ ਹੀ ਆਪਣਾ ਭਲਾ ਹੈ ਸੋ ਆਪ ਸਵਾਸ ਸਵਾਸ ਨਾਮ ਜਪਦੇ ਹੋਏ ਦੂਜਿਆਂ ਨੂੰ ਭੀ ਨਾਮ ਜਪਣ ਦੇ ਰਸਤੇ ਲਾਉਣਾ ਚਾਹੀਦਾ ਹੈ ।

(ਹ) ਸ਼ਬਦ ਅਤੇ ਸੁਰਤ ਦੇ ਮੇਲ ਵਾਸਤੇ ਗੁਰਬਾਣੀ ਦਾ ਕੀਰਤਨ ਕਰਨਾ ਚਾਹੀਦਾ ਹੈ ।

ਗੁਰੂ ਅਮਰਦਾਸ ਜੀ ਸਤਿਗੁਰੂ ਦੇ ਹੁਕਮ ਨੂੰ ਇਉਂ ਵਰਨਣ ਕਰਦੇ ਹਨ :-

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ।
ਗੁਰੂ ਦੁਆਰੈ ਹੋਇਕੈ ਸਾਹਿਬੁ ਸੰਮਾਲੇਹੁ ।
ਸਾਹਿਬੁ ਸਦਾ ਹਜੂਰਿ ਹੈ
ਭਰਮੈ ਕੇ ਛਉੜ ਕਟਿਕੈ ਅੰਤਰਿ ਜੋਤਿ ਧਰੇਹੁ ।
ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ।
ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ।
ਨਾਨਕ ਐਥੈ ਸੁਖੈ ਅੰਦਰਿ ਰਖਸੀ
ਅਗੈ ਹਰਿ ਸਿਉ ਕੇਲ ਕਰੇਹੁ ।

ਸਤਿਗੁਰੂ ਨੇ ਇਹ ਕੰਮ ਕਰਨ ਵਾਸਤੇ ਕਿਹਾ ਹੈ—

੧. ਗੁਰੂ ਦੀਖਿਆ ਲੈ ਕੇ ਅਥਵਾ ਅੰਮ੍ਰਿਤ ਛਕ ਕੇ ਅਤੇ ਨਾਮ ਜਪਣ ਦੀ ਵਿਧੀ ਸਿਖ ਕੇ ਨਾਮ ਦੀ ਸਾਰ ਸੰਭਾਲੋ ।

੨. ਇਉਂ ਜੋ ਵਾਹਿਗੁਰੂ ਸਦਾ ਅੰਗ ਸੰਗ ਹੈ ਸੋ ਵਹਿਮ ਭਰਮ ਛਡਕੇ ਵਾਹਿਗੁਰੂ ਨਾਮ ਦੀ ਆਪਣੇ ਅੰਦਰ ਜੋਤ ਜਗਾਓ ।


www.AKJ.Org

੩. ਵਾਹਿਗੁਰੂ ਨਾਮ ਅੰਮ੍ਰਿਤ ਹੈ ਸੋ ਦੁਖ ਦੂਰ ਕਰਨ ਵਾਸਤੇ ਇਹ ਦਾਰੂ ਲਵੋ ।

੪. ਸਤਿਗੁਰੂ ਦਾ ਭਾਣਾ ਮੰਨੋ ।

੫. ਸੱਚੇ ਪਿਆਰ ਦਾ ਸੰਜਮ ਕਰੋ ।

ਇਸ ਦਾ ਭਾਵ ਇਹ ਹੋਇਆ ਕਿ ਮਨੁਖ ਨੂੰ ਸੱਚੇ ਗੁਰੂ ਤੋਂ ਗੁਰ ਦੀਖਿਆ ਲੈ ਕੇ ਨਾਮ ਨੂੰ ਅੰਦਰ ਵਸਾਉਣਾ ਚਾਹੀਦਾ ਹੈ । ਸਤਿਗੁਰੂ ਦੇ ਭਾਣੇ ਵਿਚ ਰਹਿੰਦੇ ਹੋਏ ਆਪਣੇ ਦੁਖ ਦੂਰ ਕਰਨ ਵਾਸਤੇ ਨਾਮ ਦਾ ਦਾਰੂ ਵਰਤਣਾ ਚਾਹੀਦਾ ਹੈ ।

ਗੁਰੂ ਨਾਨਕ ਦੇਵ ਜੀ ਨੇ ਪ੍ਰਾਣੀ ਮਾਤਰ ਨੂੰ ਇਉਂ ਹੁਕਮ ਕੀਤਾ ਹੈ: –

ਸਾਹਿਬੁ ਸਿਮਰਹੁ ਮੇਰੇ ਭਾਈਹੋ
ਸਭਨਾ ਏਹ ਪਇਆਣਾ ।
ਏਥੈ ਧੰਧਾ ਕੂੜਾ ਚਾਰਿ ਦਿਹਾ
ਆਗੈ ਸਰਪਰ ਜਾਣਾ ।
ਆਗੈ ਸਰਪਰ ਜਾਣਾ ਜਿਉ ਮਿਹਮਾਣਾ ।
ਕਾਹੇ ਗਾਰਬੁ ਕੀਜੈ ।
ਜਿਤੁ ਸੇਵਿਐ ਦਰਗਹ ਸੁਖੁ ਪਾਈਐ ।
ਨਾਮੁ ਤਿਸੈ ਕਾ ਲੀਜੈ ।
ਆਗੈ ਹੁਕਮੁ ਨ ਚਲੈ ਮੂਲੇ
ਸਿਰਿ ਸਿਰਿ ਕਿਆ ਵਿਹਾਣਾ ।
ਸਾਹਿਬੁ ਸਿਮਰਿਹੁ ਮੇਰੇ ਭਾਈਹੋ
ਸਭਨਾ ਏਹੁ ਪਇਆਣਾ ।

ਗੁਰੂ ਜੀ ਨੇ ਕਹਿਆ ਹੈ ਕਿ ਵਾਹਿਗੁਰੂ ਦਾ ਸਿਮਰਨ ਕਰੋ । ਜਿਸਦੇ ਸਿਮਰਨ ਨਾਲ ਸੱਚੀ ਦਰਗਾਹ ਵਿਚ ਢੋਈ ਮਿਲਦੀ ਹੈ ਉੱਸੇ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ ।

ਗੁਰੂ ਅਮਰਦਾਸ ਜੀ ਇਉਂ ਫੁਰਮਾਉਂਦੇ ਹਨ:

ਸੇਖਾ ਚਉ ਚਕਿਆ ਚਉ ਵਾਇਆ
ਏਹੁ ਮਨੁ ਇਕਤੁ ਘਰਿ ਆਣਿ ।
ਏਹੜ ਤੇਹੜ ਛਡਿ ਤੂੰ ਗੁਰ ਕਾ ਸਬਦੁ ਪਛਾਣੁ ।
ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ।
ਆਸਾ ਮਨਸਾ ਜਲਾਇ ਤੂੰ ਹੋਇ ਰਹੁ ਮਿਹਮਾਣੁ ।
ਸਤਿਗੁਰ ਕੈ ਭਾਣੈ ਭੀ ਚਲਹਿ
ਤਾ ਦਰਗਹ ਪਾਵਹਿ ਮਾਣੁ ।
ਨਾਨਕ ਜਿ ਨਾਮੁ ਨ ਚੇਤਨੀ
ਤਿਨ ਧਿਗੁ ਪੈਨਣੁ ਧਿਗੁ ਖਾਣੁ ।

ਇਸ ਸ਼ਬਦ ਵਿਚ ਗੁਰੂ ਜੀ ਨੇ ਮਨੁਖ ਨੂੰ ਕਿਹਾ ਹੈ ਕਿ ਆਪਣੇ ਮਨ ਨੂੰ ਘੇਰ ਕੇ ਗੁਰੂ ਦੇ ਸ਼ਬਦ ਵਿਚ ਸੁਰਤੀ ਟਿਕਾ । ਘਟ ਘਟ ਕੇ ਜਾਨਣਹਾਰ ਸਤਿਗੁਰੂ ਅਗੇ ਨਿਮਾਣਾ ਹੋ ਕੇ ਚਰਨ ਪਕੜ ਲੈ ਅਤੇ ਹੋਰ ਸਾਰੀਆਂ ਗੱਲਾਂ ਛੱਡ ਦੇ । ਸਤਿਗੁਰੂ ਦੇ ਭਾਣੇ ਅੰਦਰ ਚਲਣ ਨਾਲ ਭੀ ਦਰਗਾਹ ਵਿਚ ਢੋਈ ਮਿਲ ਜਾਂਦੀ ਹੈ । ਜੇਹੜੇ ਨਾਮ ਨਹੀਂ ਜਪਦੇ ਉਹਨਾਂ ਦਾ ਖਾਣ ਪਹਿਨਣ ਧ੍ਰਿਗ ਹੈ ।

ਗੁਰੂ ਰਾਮਦਾਸ ਜੀ ਨੇ ਆਸਾ ਰਾਗ ਵਿਚ ਇਉਂ ਫੁਰਮਾਇਆ ਹੈ:—

ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ।
ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ।
ਇਹੁ ਮਨੁ ਸੁੰਦਰਿ ਆਪਣਾ ਹਰਿਨਾਮਿ ਮਜੀਠੈ ਰੰਗਿ ਰੀ।
ਤਿਆਗਿ ਸਿਆਣਪ ਚਾਤੁਰੀ ਤੂ ਜਾਣੁ ਗੁਪਾਲਹਿ ਸੰਗਿ ਰੀ । ੧ । ਰਹਾਉ ।
ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ।
ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ।
ਗੁਰ ਕਾ ਸਬਦੁ ਕਰਿ ਦੀਪਕੋ
ਇਹ ਸਤ ਕੀ ਸੇਜ ਬਿਛਾਇ ਰੀ ।
ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿਰਾਇ ਰੀ ।

ਗੁਰੂ ਜੀ ਕਹਿੰਦੇ ਹਨ ਕਿ ਸਾਧ ਸੰਗਤ ਦੇ ਦਾਸ ਬਣ ਜਾਓ । ਵਾਹਿਗੁਰੂ ਨੂੰ ਦੂਰ ਨਾ ਸਮਝੋ । ਆਪਣੇ ਮਨ ਨੂੰ ਨਾਮ ਦੀ ਪੱਕੀ ਰੰਗਣ ਚਾੜ੍ਹੋ । ਆਪਣੀ ਚਤੁਰਾਈ ਛਡ ਕੇ ਵਾਹਿਗੁਰੂ ਨੂੰ ਅੰਗ ਸੰਗ ਅਨੁਭਵ ਕਰੋ, ਜੋ ਖਸਮ ਕਹੇ ਸੋ ਕਰੋ । ਗੁਰੂ ਦੇ ਸ਼ਬਦ ਦਾ ਦੀਵਾ ਬਾਲ ਕੇ ਸੱਚ ਦੀ ਸੇਜ ਵਿਛਾਓ ਭਾਵ ਸਚਿਆਰੇ ਬਣੋ । ਅੱਠੇ ਪਹਿਰ ਹੁਕਮ ਵਿਚ ਖਲੋਤੇ ਰਹੋ ਤਾਂ ਵਾਹਿਗੁਰੂ ਤਰੁਠੇਗਾ ।



www.AKJ.Org

ਮਨੁਖ ਦੇ ਸਚਿਆਰਾ ਬਨਣ ਵਾਸਤੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਆਏ ਹੁਕਮ ਇਉਂ ਹਨ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ।

ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ।

ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ।
ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ।

ਗੁਰ ਕੇ ਚਰਨ ਕਮਲ ਨਮਸਕਾਰਿ ।
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ।
ਹੋਇ ਰਹੀਐ ਸਗਲ ਕੀ ਰੀਨਾ ।
ਘਟਿ ਘਟਿ ਰਮਈਆ ਸਭ ਮਹਿ ਚੀਨਾ ।
ਇਨ ਬਿਧਿ ਰਮਹੁ ਗੋਪਾਲ ਗੋਬਿੰਦੁ ।
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ।ਰਹਾਉ।
ਆਠ ਪਹਰ ਹਰਿ ਕੇ ਗੁਣ ਗਾਉ ।
ਜੀਅ ਪ੍ਰਾਨ ਕੋ ਇਹੈ ਸੁਆਉ ।
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ।
ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ।

ਮਿਲਿ ਰਹੀਐ ਪ੍ਰਭ ਸਾਧ ਜਨਾ ।
ਮਿਲਿ ਹਰਿ ਕੀਰਤਨੁ ਸੁਨੀਐ ਰਾਮ ।

ਸਤਿਗੁਰ ਕੀ ਬਾਣੀ ਸਤਿ ਸਤਿ ਕਰ ਮਾਨਹੁ ।

ਛੋਡਹੁ ਪ੍ਰਾਣੀ ਕੂੜ ਕਬਾੜਾ ।
... ... ... ... ...
ਛੋਡਹੁ ਨਿੰਦਾ ਤਾਤਿ ਪਰਾਈ ।
... ... ... ... ...
ਛੋਡਹੁ ਕਾਮ ਕ੍ਰੋਧੁ ਬੁਰਿਆਈ ।
ਹਉਮੈ ਧੰਧੁ ਛੋਡਹੁ ਲੰਪਟਾਈ ।
... ... ... ... ...
ਬੋਲਹੁ ਸਾਚੁ ਪਛਾਣਹੁ ਅੰਦਰਿ ।
ਦੂਰਿ ਨਾਹੀ ਦੇਖਹੁ ਕਰਿ ਨੰਦਰਿ ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ ।
ਦੁਬਿਧਾ ਦੂਰਿ ਕਰਹੁ ਲਿਵ ਲਾਇ ।
ਹਰਿਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ।
ਇਨ ਬਿਧਿ ਪਾਸਾ ਢਾਲਹੁ ਬੀਰ ।
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ ।ਰਹਾਉ।
ਕਰਮ ਧਰਮ ਤੁਮ ਚਉਪੜਿ ਸਾਜਹੁ
ਸਤੁ ਕਰਹੁ ਤੁਮ ਸਾਰੀ ।
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ
ਐਸੀ ਖੇਲ ਹਰਿ ਪਿਆਰੀ ।
ਉਠਿ ਇਸਨਾਨੁ ਕਰਹੁ ਪਰਭਾਤੇ
ਸੋਏ ਹਰਿ ਆਰਾਧੇ ।
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ ।

ਉਬਰੇ ਸਤਿਗੁਰ ਚਰਨੀ ਲਾਗਿ ।
ਜੋ ਗੁਰੁ ਕਹੈ ਸੋਈ ਭਲ ਮੀਠਾ
ਮਨ ਕੀ ਮਤਿ ਤਿਆਗਿ ।

ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ।
ਆਠ ਪਹਰ ਹਰਿ ਸਿਮਰਹੁ ਪ੍ਰਾਣੀ ।

ਸਿਮਰਿ ਸਿਮਰਿ ਨਾਮੁ ਬਾਰੰਬਾਰ ।
ਨਾਨਕ ਜੀਅ ਕਾ ਇਹੈ ਅਧਾਰ ।

ਸਤਿਗੁਰ ਕਾ ਸਚੁ ਸਬਦੁ ਕਮਾਵਹੁ ।
ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ।
ਪਰ ਕਾ ਬੁਰਾ ਨ ਰਾਖਹੁ ਚੀਤ ।
ਤੁਮ ਕਉ ਦੁਖ ਨਹੀ ਭਾਈ ਮੀਤ ।

ਆਠ ਪਹਰ ਨਿਕਟਿ ਕਰਿ ਜਾਨੈ ।
ਪ੍ਰਭ ਕਾ ਕੀਆ ਮੀਠਾ ਮਾਨੈ ।

ਕਾਮੁ ਕ੍ਰੋਧੁ ਲੋਭੁ ਤਿਆਗੁ ।
ਮਨਿ ਸਿਮਰਿ ਗੋਬਿੰਦ ਨਾਮ ।
ਹਰਿ ਭਜਨ ਸਫਲ ਕਾਮ ।ਰਹਾਉ।
ਤਜਿ ਮਾਨ ਮੋਹ ਵਿਕਾਰ ਮਿਥਿਆ
ਜਪਿ ਰਾਮ ਰਾਮ ਰਾਮ ਰਾਮ ।
ਮਨ ਸੰਤਨ ਕੈ ਚਰਨਿ ਲਾਗੁ ।



www.AKJ.Org

ਮਿਲੁ ਸਾਧ ਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ ।

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ।
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ।

ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ।
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ।

ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ
ਗੁਰਮੁਖਿ ਨਾਮੁ ਅਮੋਲੇ ਰਾਮ ।
... ... ...

ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ
ਅਨਤ ਨ ਕਾਹੂ ਡੋਲੇ ਰਾਮ ।
... ... ...

ਗੁਰਮਤੀ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ
ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ।
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ
ਮਨਿ ਸੁਣੀਐ ਹਰਿ ਲਿਵਲਾਏ ਰਾਮ ।
...... ...... ......

ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ
ਮਨ ਚਿੰਦਿਅੜਾ ਫਲੁ ਪਾਵੈ ਰਾਮ ।
...... ...... ......

ਸਤਿਗੁਰ ਸਰਣੀ ਜਾਇ ਪਉ ਮੇਰੀ ਜਿੰਦੁੜੀਏ
ਗੁਣ ਦਸੇ ਹਰਿ ਪ੍ਰਭ ਕੇਰੇ ਰਾਮ ।

ਉਠਦਿਆ ਬਹਦਿਆ ਸੁਤਿਆ ਸਦਾ ਸਦਾ
ਹਰਿਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਲਹੀਐ ।

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ।

ਅਵਗੁਣ ਛੋਡਿ ਗੁਣਾ ਕਉ ਧਾਵਹੁ
ਕਰਿ ਅਵਗੁਣ ਪਛੁਤਾਹੀ ਜੀਉ ।

ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤ ਗੁਰ ਪਾਹੀ ਜੀਉ ।
ਛੋਡਹੁ ਵੇਸੁ ਭੇਖ ਚਤੁਰਾਈ
ਦੁਬਿਧਾ ਇਹੁ ਫਲੁ ਨਾਹੀ ਜੀਉ ।

ਸ੍ਰਵਣੀ ਸੁਣੀਐ ਰਸਨਾ ਗਾਈਐ
ਹਿਰਦੈ ਧਿਆਈਐ ਸੋਈ ।

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ ।
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ।
ਪ੍ਰਭ ਬਾਣੀ ਸਬਦੁ ਸੁਭਾਖਿਆ ।
ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ ।
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ
ਸਰਬ ਵੇਲਾ ਮੁਖਿ ਪਾਵਹੁ ।
ਜਰਾ ਮਰਾ ਤਾਪੁ ਸਭੁ ਨਾਠਾ
ਗੁਣ ਗੋਬਿੰਦ ਨਿਤ ਗਾਵਹੁ ।

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ ।
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ
ਤ੍ਰਿਸਨਾ ਨਾਮਿ ਬੁਝਾਈ ।

ਗੁਰਸਿਖ ਮੀਤ ਚਲਹੁ ਗੁਰ ਚਾਲੀ ।
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ।

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖ
ਸਿਮਰਨੋ ਨਾਮ ਗੋਬਿੰਦ ਕਾ ਸਦਾ ਲੀਜੈ ।
ਮਿਟਹਿ ਕਮਾਣੇ ਪਾਪ ਚਿਰਾਣੇ
ਸਾਧ ਸੰਗਤਿ ਮਿਲਿ ਮੁਆ ਜੀਜੈ ।

ਇਨ੍ਹਾਂ ਹੁਕਮਨਾਮਿਆਂ ਨੂੰ ਵਿਚਾਰਿਆਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਮਨੁਖ ਨੂੰ ਗੁਰ ਦੀਖਿਆ ਲੈ ਕੇ ਵਾਹਿਗੁਰੂ ਨਾਮੁ ਹਿਰਦੇ ਵਿਚ ਵਸਾਉਣਾ ਚਾਹੀਦਾ ਹੈ । ਨਾਮ ਦੀ ਪਕੜ ਪੱਕੀ ਕਰਨ ਵਾਸਤੇ ਅੰਮ੍ਰਿਤ ਵੇਲੇ ਉਠਣਾ ਚਾਹੀਦਾ ਹੈ, ਇਸ਼ਨਾਨ ਕਰਕੇ ਨਾਮ ਜਪਣਾ ਚਾਹੀਦਾ ਹੈ । ਦਿਨ ਚੜ੍ਹਨ ਤੇ ਬਾਣੀ ਪੜ੍ਹਨੀ ਸੁਣਨੀ ਅਥਵਾ ਨਿਤਨੇਮ ਕਰਨ ਅਤੇ ਕੀਰਤਨ ਕਰਨਾ ਜਾਂ ਸੁਣਨਾ ਚਾਹੀਦਾ ਹੈ, ਸਵਾਸ ਸਵਾਸ ਬਾਰੰਬਾਰ ਨਾਮ ਦਾ ਰਟਨ ਕਰਨਾ ਚਾਹੀਦਾ*



www.AKJ.Org



ਭਾਈ ਸਾਹਿਬ ਸਾਹਿਬ ਸਜਣ ਸਿੰਘ ਜੀ 126 ਮਾਡਲ ਟਾਊਨ ਲੁਧਿਆਨਾ ਵਾਲੇ 11.12.69 ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਹਨ, ਉਹਨਾਂ ਦੇ ਨਮਿਤ ਮਿਤੀ 21.12.69 ਨੂੰ ਰਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਉਪ੍ਰੰਤ ਗੁਰਦੁਆਰਾ ਸਿੰਘ ਸਭਾ ਵਿਖੇ ਸ੍ਰੀ ਆਸਾ ਜੀ ਦੀ ਵਾਰ ਦੇ ਅਖੰਡ ਕੀਰਤਨ ਹੋਏ। ਇਸ ਮੌਕੇ ਤੇ ਖ਼ਾਸਕਰ ਦਿਲੀ, ਅੰਮ੍ਰਿਤਸਰ, ਜਲੰਧਰ, ਮੇਰਠ, ਚੰਡੀਗੜ੍ਹ, ਪਟਿਆਲਾ, ਅੰਬਾਲਾ, ਤਲਵਾੜਾ, ਤਰਨਤਾਰਨ, ਨਾਰੰਗਵਾਲ ਆਦਿ ਤੇ ਹੋਰ ਬਹੁਤ ਸਾਰੇ ਥਾਵਾਂ ਤੋਂ ਗੁਰਮੁਖ ਪਿਆਰੇ ਪੁਜੇ ਹੋਏ ਸਨ। ਕੀਰਤਨ ਦੀ ਸਮਾਪਤੀ ਮਗਰੋਂ ਸਹਿਜ ਪਾਠ ਦਾ ਭੋਗ ਪਾਇਆ ਗਿਆ ਤੇ ਬਾਬੂ ਮੱਲ ਸਿੰਘ ਜੀ ਨੇ ਵੈਰਾਗ-ਮਈ ਅਰਦਾਸ ਕੀਤੀ। ਭਾਈ ਸਜਣ ਸਿੰਘ ਜੀ ਦੇ ਪ੍ਰਵਾਰ ਵਲੋਂ ਇਕ ਹਜ਼ਾਰ ਰੁਪੈ ਭਾਈ ਸਾਹਿਬ ਜੀ ਦੀ ਪੁਸਤਕ 'ਜੋਤ-ਵਿਗਾਸ' ਤੇ ਇਕ ਹੋਰ ਪੁਸਤਕ ਦੀ ਛਪਾਈ ਲਈ ਅਰਦਾਸ ਕਰਾਏ। ਇਸ ਪਿਛੋਂ ਕਈ ਸਜਣਾਂ ਨੇ ਭਾਈ ਸਜਣ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਇਕ ਸਿਰੋਪਾਉ ਭਾਈ ਸਾਹਿਬ ਜੀ ਦੇ ਸਪੁੱਤਰ ਨੂੰ ਬਾਬੂ ਮੱਲ ਸਿੰਘ ਜੀ ਦੀ ਰਾਹੀਂ ਦਿਤਾ ਗਿਆ। ਉਕਤ ਗੁਰਦਆਰਾ ਸਾਹਿਬ ਦੇ ਪ੍ਰਧਾਨ ਜੀ ਨੇ ਸ੍ਰੀ ਸਾਹਿਬ ਤੇ ਦਸਤਾਰਾ ਸਿਰੋਪਉ ਵਜੋਂ ਕਾਕਾ ਜੀ ਨੂੰ ਦਿਤਾ। ਗੁਰਦਆਰਾ ਸਾਹਿਬ ਵਲੋਂ 26, 27, 28 ਦਸੰਬਰ ਨੂੰ ਭਾਈ ਸਾਹਿਬ ਨਮਿੱਤ ਅਖੰਡ ਪਾਠ ਰਖਣ ਦਾ ਐਲਾਨ ਕੀਤਾ ਗਿਆ। ਅਖ਼ੰਡ ਕੀਰਤਨੀ ਜੱਥਾ ਜਲੰਧਰ ਵਲੋਂ ਵੀ ਅਖੰਡ ਪਾਠ ਜਨਵਰੀ 1970 ਦੇ ਪਹਿਲੇ ਹਫ਼ਤੇ ਰਖਣ ਦਾ ਐਲਾਨ ਕੀਤਾ ਅਖੰਡ ਕੀਰਤਨੀ ਜਥਾ ਦਿਲੀ, ਚੰਡੀਗੜ੍ਹ ਤੇ ਹੋਰ ਕਈ ਥਾਵਾਂ ਤੇ ਭਾਈ ਸਾਹਿਬ ਨਮਿੱਤ ਅਖੰਡ ਪਾਠ ਰਖਣ ਦੇ ਐਲਾਨ ਕੀਤੇ ਗਏ, ਜਿਸ ਦੀਆਂ ਤਰੀਖਾਂ ਦਾ ਐਲਾਨ ਫਿਰ ਹੋਵੇਗਾ। ਇਸ ਪਿਛੋਂ ਲੰਗਰ ਛਕ ਕੇ ਸੰਗਤਾਂ ਵਿਦਾ ਹੋਈਆਂ। ਭਾਈ ਸਜਣ ਸਿੰਘ ਜੀ ਦੀ ਆਯੂ 72 ਸਾਲ ਦੀ ਸੀ, ਇਹਨਾਂ ਨੇ ਆਪਣੀ ਆਯੂ ਦਾ ਲਗਭਗ ਸਾਰਾ ਸਮਾਂ ਹੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਕੀਤੀ, ਅਸੀਂ ਸਚੇ ਪਾਤਸ਼ਾਹ ਅਗੇ ਅਰਦਾਸ ਕਰਦੇ ਹਾਂ ਕਿ ਭਾਈ ਸਾਹਿਬ ਦੀ ਆਤਮਾ ਨੂੰ ਆਪਣੇ ਚਰਨਾਂ ਨਾਲ ਜੋੜੀ ਰਖੇ ਤੇ ਇਸ ਪ੍ਰਵਾਰ ਨੂੰ ਭਾਣੇ 'ਚ ਰਖਕੇ ਗੁਰਸਿਖੀ ਦੀ ਅਸੀਸ ਬਖਸ਼ੇ।

(ਸੰਪਾਦਕ)

---

*ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ, ਚੁਗਲੀ ਬਖੀਲੀ ਆਦਿ ਤੋਂ ਪਿੱਛਾ ਛਡਾਉਣਾ ਚਾਹੀਦਾ ਹੈ। ਛੁਟ ਅਕਾਲ ਪੁਰਖ ਤੋਂ ਹੋਰ ਕਿਸੇ ਹੋਰ ਕਿਸੇ ਮੜ੍ਹੀ ਮਸਾਣ ਨੂੰ ਨਹੀਂ ਪੂਜਣਾ ਚਾਹੀਦਾ। ਔਗੁਣਛੱਡਣੇ ਚਾਹੀਦੇ ਹਨ, ਸੱਚ ਦਾ ਪੱਲਾ ਫੜਨਾ ਚਾਹੀਦਾ ਹੈ। ਝੂਠ ਨਹੀਂ ਬੋਲਣਾ ਚਾਹੀਦਾ। ਕਿਸੇ ਦਾ ਬੁਰਾ ਨਹੀਂ ਚਿਤਵਨਾ ਚਾਹੀਦਾ, ਗੁਰੂ ਦੀ ਮੱਤ ਅਨੁਸਾਰ ਚਲਣਾ ਚਾਹੀਦਾ ਹੈ। ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ। ਗੁਰੂ ਦੀ ਬਾਣੀ ਨੂੰ ਸੱਚੀ ਕਰਕੇ ਜਾਣਨਾ ਚਾਹੀਦਾ ਹੈ, ਬਾਣੀ ਪੜ੍ਹਨੀ, ਸੁਣਨੀ, ਗਾਵਣੀ, ਵਿਚਾਰਨੀ ਅਤੇ ਮੰਨਣੀ ਚਾਹੀਦੀ ਹੈ। ਹੁਕਮਿ ਰਜਾਈ ਵਿੱਚ ਚੱਲਣ ਵਾਲਿਆਂ ਬਾਬਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦ ਵਿੱਚ ਇਉਂ ਕਿਹਾ ਹੈ:–

ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ।
ਤਾਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ।
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ।
ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ।

ਸੋ ਗੁਰਮੁਖ ਪਿਆਰਿਓ ! ਆਓ ਅਸੀਂ ਭੀ ਹੁਕਮਿ ਰਜਾਈ ਚੱਲਣ ਲਈ ਹੰਭਲਾ ਮਾਰੀਏ ਤਾਂ ਜੋ ਸਾਡੀ ਭੀ ਜੀਵਨ ਯਾਤਰਾ ਸਫਲ ਹੋ ਜਾਵੇ ਅਤੇ ਦਾਤੇ ਦੇ ਦਰ ਕਬੂਲੇ ਜਾਈਏ।

www.AKJ.Org

# ਲੁਧਿਆਣਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਸਦਾ ਵਾਂਗ ਐਤਕੀਂ ਵੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੋਹ ਸੁਦੀ ਸਪਤਮੀ ਦੇ ਅਵਤਾਰ ਧਾਰਨ ਦਾ ਗੁਰਪੁਰਬ, ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਸੰਗੀ ਅਖੰਡ ਕੀਰਤਨੀ ਜਥਿਆਂ ਵਲੋਂ, ਸਤਿਗੁਰੂ ਜੀ ਦੇ ਬਖਸ਼ੇ ਉਤਸ਼ਾਹ ਦੁਆਰਾ, ਲੁਧਿਆਣਾ ਵਿਖੇ ਹੇਠਾਂ ਦਿਤੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਸਰਵ ਭਾਰਤ ਵਿਚੋਂ ਤਥਾ ਦਿਲੀ, ਪਟਿਆਲਾ, ਤਲਵਾੜਾ, ਚੰਡੀਗੜ੍ਹ, ਅੰਮ੍ਰਿਤਸਰ, ਜਲੰਧਰ, ਜੈਪੁਰ, ਬੰਬਈ ਤੇ ਪੂਨਾ ਆਦਿ ਤੋਂ ਅਖੰਡ ਕੀਰਤਨੀ ਜਥੇ ਪੁਜ ਕੇ ਕੀਰਤਨ ਰਸ ਬਖਸ਼ਨਗੇ। ਪ੍ਰਾਰਥਨਾ ਹੈ ਕਿ ਆਪ ਜੀ ਭੀ ਇਸ ਸਮਾਗਮ ਵਿਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਤੇ ਹੋਰ ਕੀਰਤਨ ਰਸੀਆਂ ਨੂੰ ਸੂਚਤ ਕਰਕੇ ਦਾਸਾਂ ਨੂੰ ਕ੍ਰਿਤਾਰਥ ਕਰਨਾ ਜੀ।

ਗੁਰਪੁਰਬ ਵਾਲੇ ਦਿਨ ਅੰਮ੍ਰਿਤ ਸੰਚਾਰ ਭੀ ਹੋਵੇਗਾ।

ਪੁਛ ਗਿੱਛ ਲਈ—
ਬਲਬੀਰ ਸਿੰਘ 126 ਮਾਡਲ ਟਾਊਨ, ਲੁਧਿਆਣਾ
ਦਰਸ਼ਨ ਸਿੰਘ 614 ਮਾਡਲ ਟਾਊਨ, ਲੁਧਿਆਣਾ

ਦਾਸਰੇ—
ਅਖੰਡ ਕੀਰਤਨੀ ਜਥਾ, ਲੁਧਿਆਣਾ

## * ਪ੍ਰੋਗਰਾਮ *

| | | |
|---|---|---|
| 9-1-70 (ਸ਼ੁਕਰਵਾਰ) | 5-30 ਤੋਂ 8 ਵਜੇ ਸਵੇਰ | ਕੀਰਤਨ ਆਸਾ ਦੀ ਵਾਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ |
| | 8 ਵਜੇ ਸਵੇਰ | ਅਰੰਭ ਅਖੰਡ ਪਾਠ |
| 10-1-70 (ਸ਼ਨੀਵਾਰ) | 6-30 ਤੋਂ 9 ਵਜੇ ਸ਼ਾਮ | ਕੀਰਤਨ ਗੁਰਦੁਆਰਾ ਸਾਹਿਬ ਰਾਮਗੜ੍ਹੀਆ, ਮਿਲਰ ਗੰਜ। |
| 11-1-70 (ਐਤਵਾਰ) | 5-30 ਤੋਂ 6 ਵਜੇ ਸਵੇਟ | ਭੋਗ ਅਖੰਡ ਪਾਠ, ਗੁ: ਸਿੰਘ ਸਭਾ, ਮਾਡਲ ਟਾਊਨ |
| | 6 ਵਜੇ ਤੋਂ 8 ਵਜੇ ਸਵੇਰ | ਕੀਰਤਨ ਆਸਾ ਦੀ ਵਾਰ |
| | 8 ਵਜੇ ਸਵੇਰ | ਅਰੰਭ ਅਖੰਡ ਪਾਠ |
| | 6-30 ਤੋਂ 9 ਵਜੇ ਸ਼ਾਮ | ਕੀਰਤਨ ਗੁਰਦੁਆਰਾ ਸਾਹਿਬ ਸਬਜ਼ੀ ਮੰਡੀ। |
| 12-1-70 (ਸੋਮਵਾਰ) | 6 ਵਜੇ ਤੋਂ 12 ਵਜੇ ਸਵੇਰ | ਕੀਰਤਨ ਆਸਾ ਦੀ ਵਾਰ, 79 ਮਾਡਲ ਟਾਊਨ |
| | 6-30 ਤੋਂ 9 ਵਜੇ ਸ਼ਾਮ | ਕੀਰਤਨ ਗੁ: ਸਿੰਘ ਸਭਾ, ਨਿਊ ਮਾਡਲ ਟਾਊਨ |
| 13-1-70 (ਮੰਗਲਵਾਰ) | 5-30 ਤੋਂ 6 ਵਜੇ ਸਵੇਰ | ਸਮਾਪਤੀ ਅਖੰਡ ਪਾਠ ਗੁਰਦੁਆਰਾ ਸਿੰਘ ਸਭਾ, ਮਾਡਲ ਟਾਊਨ |
| | 6 ਵਜੇ ਤੋਂ 1 ਵਜੇ ਦੁਪੈਹਰ | ਕੀਰਤਨ ਆਸਾ ਦੀ ਵਾਰ |
| | 2 ਵਜੇ ਸ਼ਾਮ | ਅੰਮ੍ਰਿਤ ਸੰਚਾਰ ਸਮਾਗਮ ਅਰੰਭ |
| | 7-30 ਵਜੇ ਸ਼ਾਮ | ਰੈਣ ਸਬਾਈ ਕੀਰਤਨ ਅਰੰਭ |
| 14-1-70 (ਬੁਧਵਾਰ) | 8 ਵਜੇ ਸਵੇਰ | ਸਮਾਪਤੀ ਕੀਰਤਨ ਰੈਣ ਸਬਾਈ |

ਨੋਟ:—1. ਗੁਰੂ ਕਾ ਲੰਗਰ 79 ਮਾਡਲ ਟਾਊਨ ਵਿਚ ਹੋਵੇਗਾ।
2. ਰਿਹਾਇਸ਼ ਦਾ ਪ੍ਰਬੰਧ ਹੋਵੇਗਾ। ਲੋੜ ਅਨੁਸਾਰ ਬਿਸਤਰੇ ਆਦਿ ਲਈ ਆਵਣੇ ਜੀ।
3. ਰਿਹਾਇਸ਼ ਵਾਸਤੇ ਪਹਿਲੋਂ ਲਿਖ ਦੇਵੋ ਤਾਂ ਉਤਾਰਾ ਸਹਿਲਾ ਹੋ ਸਕੇਗਾ ਜੀ।

www.AKJ.Org

# ਅਲੌਕਿਕ ਸਮਾਗਮ ਹੈਵੀ ਇਲੈਕਟ੍ਰੀਕਲਜ਼ ਭੁਪਾਲ

ਗੁਰੂ ਸਵਾਰੇ ਖਾਲਸਾ ਜੀਉ, ਇਸ ਗੁਰਸਿਖੀ ਪ੍ਰਚਾਰ ਵਲੋਂ ਪਛੜੇ ਹੋਇ ਇਲਾਕੇ ਦੀ ਬੰਜਰ ਧਰਤੀ ਨੂੰ ਨਾਮ ਰੂਪੀ ਵਤਰ ਦੁਆਰਾ ਭਾਗ ਲਾਣ ਲਈ ਭੁਪਾਲ ਵਿਚ ਹੋ ਰਹੇ **1970** ਦੀ ਜਨਵਰੀ **23, 24, 25, 26** ਦੇ ਸਮਾਗਮ ਲਈ ਦੇਸ਼ ਦੇ ਕੋਨੇ ੨ ਤੋਂ ਵਹੀਰਾਂ ਪਾ ਦਿਉ। ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ ਦੇ ਇਸ ਮਹਾਨ ਸਮਾਗਮ ਤੇ ਸ੍ਰੀ ਮਾਨ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਉਚੇਚੇ ਤੌਰ ਤੇ ਪੁਜ ਰਹੇ ਹਨ। ਭਾਈ ਸਾਹਿਬ ਜੀਵਨ ਸਿੰਘ ਜੀ ਲੁਧਿਆਣੇ ਵਾਲੇ, ਗੁਰੂ ਦੁਲਾਰੀ ਸ੍ਰੀਮਤੀ ਬੀਬੀ ਸੁਰਿੰਦਰ ਕੌਰ ਜੀ ਜਲੰਧਰ ਵਾਲੇ, ਭਾਈ ਸਾਹਿਬ ਭਾਈ ਦਲਜੀਤ ਸਿੰਘ ਜੀ ਨਾਸਿਕ ਵਾਲੇ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਜੀ ਪਟਿਆਲੇ ਵਾਲੇ, ਅਖੰਡ ਕੀਰਤਨੀ ਜਥਾ ਬੰਬਈ, ਅਖੰਡ ਕੀਰਤਨੀ ਜਥਾ ਗਵਾਲੀਅਰ ਤੇ ਭਾਈ ਸਤਨਾਮ ਸਿੰਘ ਜੀ ਲੁਧਿਆਣੇ ਵਾਲਿਆਂ ਵਲੋਂ ਪ੍ਰਵਾਨਗੀਆਂ ਪਹੁੰਚ ਚੁਕੀਆਂ ਹਨ। ਹੋਰ ਅਨੇਕਾਂ ਜੱਥਿਆਂ ਦੀ ਵੀ ਦੇਸ਼ ਭਰ ਦੇ ਕੋਨੇ ੨ ਤੋਂ ਪੁਜਣ ਦੀ ਪੂਰੀ ਪੂਰੀ ਆਸ ਹੈ। ਅੰਮ੍ਰਿਤ ਸੰਚਾਰ ਦੇ ਇਸ ਮਹਾਨ ਕੁੰਭ ਤੇ ਕਈ ਗੁਰਮੁਖ ਰੂਹਾਂ ਇਕਤ੍ਰ ਹੋ ਰਹੀਆਂ ਹਨ ਸੋ "ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।" ਦੇ ਲਾਹੇ ਪ੍ਰਾਪਤ ਕਰੋ।

ਚਿੱਠੀ ਪੱਤਰ–
ਦਾਸ–ਸਤਵੰਤ ਸਿੰਘ ਬੇਦੀ
442/N2/C/GPC/HEL, ਭੁਪਾਲ

ਚਰਨਧੂੜੀ ਦੇ ਜਾਚਕ–
ਦਾਸਰੇ—ਅਖੰਡ ਕੀਰਤਨੀ ਜੱਥਾ, ਹੈਵੀ ਇਲੈਕਟ੍ਰੀਕਲਜ਼,
ਭੁਪਾਲ


# ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ

**ਦਮਾਂ ਸਾਹ ਦਾ ਚੜ੍ਹਨਾ, ਬਲਗ਼ਮੀ ਖਾਂਸੀ ਅਤੇ ਕਾਲ ਖਾਂਸੀ ਨਜ਼ਲਾ ਜ਼ੁਕਾਮ, ਖਾਂਸੀ ਦੇ ਰੋਗਾਂ ਦਾ ਇਲਾਜ ਤਸੱਲੀ ਬਖਸ਼ ਕੀਤਾ ਜਾਂਦਾ ਹੈ।**

ਖ਼ਾਨਦਾਨੀ ਹਕੀਮ ਸੌ ਸਾਲਾ ਬਜ਼ੁਰਗਾਂ ਦੇ ਅਜ਼ਮੂਦਾ ਨੁਸਖ਼ਿਆਂ ਨਾਲ ਇਲਾਂਜ ਹੁੰਦਾ ਹੈ। ਦਮੇ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਸਾਡੀ ਤਿਆਰ ਕੀਤੀ ਹੋਈ ਦਵਾ ਇਨ੍ਹਾਂ ਰੋਗਾਂ ਨੂੰ ਜੜ੍ਹੋਂ ਪੁਟ ਸਕਦੀ ਹੈ। ਦਵਾਈ ਪਹਿਲੇ ਦਿਨ ਹੀ ਆਪਣਾ ਅਸਰ ਦਿਖਾਂਦੀ ਹੈ ਹੇਠ ਲਿਖੇ ਪਤੇ ਤੇ ਮਿਲੋ ਜਾਂ ਲਿਖੋ।

ਨੋਟ:–ਸਾਡੇ ਨਾਮ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ। ਇਨ੍ਹਾਂ ਨਕਲਚੀਆਂ ਤੋਂ ਬਚੋ। ਖ਼ਾਨਦਾਨੀ ਹਕੀਮ ਡਾ: ਐਚ. ਐਸ. ਕਟਾਰੀਆ

## ਕਟਾਰੀਆ ਸ਼ਫ਼ਾਖ਼ਾਨਾ

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ**





www.AKJ.Org

# 'ਸੂਰਾ' ਅੱਧ-ਮਾਸਕ ਪੱਤਰ ਕਰਨ ਬਾਰੇ

'ਸੂਰਾ' ਪੰਦ੍ਰਵਾੜਾ ਕਰਨ ਬਾਰੇ ਅਸੀਂ ਐਲਾਨ ਕੀਤਾ ਸੀ ਕਿ ਗੁਰੂ ਨਾਨਕ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਦੀ ਖੁਸ਼ੀ ਵਿਚ 'ਸੂਰਾ' ਫ਼ਰਵਰੀ 1970 ਤੋਂ ਮਹੀਨੇ ਵਿਚ ਦੋ ਵਾਰ (ਅੱਧ-ਮਾਸਕ ਪੱਤਰ) ਛਪਿਆ ਕਰੇਗਾ। ਅਸੀਂ ਕਾਫ਼ੀ ਕੋਸ਼ਸ਼ ਕੀਤੀ ਹੈ ਕਿ ਇਸ ਬਾਰੇ ਪੂਰੀ ਤਫ਼ਸੀਲ ਜਨਵਰੀ ਦੇ ਪਰਚੇ ਵਿਚ ਦਿਤੀ ਜਾਵੇ। ਸਾਡੀ ਕੋਸ਼ਸ਼ ਦੇ ਬਾਵਜੂਦ ਪੰਦ੍ਰਵਾੜਾ ਕਰਨ ਦੀ ਮਨਜ਼ੂਰੀ ਲੈਣ ਲਈ ਸਰਕਾਰੀ ਕਾਗਜ਼ ਮੁਕੰਮਲ ਨਹੀਂ ਹੋ ਸਕੇ। ਸਾਡੀ ਪੂਰੀ ਕੋਸ਼ਸ਼ ਹੋਵੇਗੀ ਕਿ ਫ਼ਰਵਰੀ 1970 ਤੋਂ 'ਸੂਰਾ' ਪੰਦ੍ਰਵਾੜੇ ਦੇ ਰੂਪ ਵਿਚ ਛਪਣਾ ਅਰੰਭ ਹੋ ਜਾਵੇ।

ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਹੁਣ ਅਗੋਂ ਲਈ ਸਾਲਾਨਾ ਚੰਦਾ ਭੇਜਣ ਲਗਿਆਂ ਬਜਾਏ 7 ਰੁਪੈ ਦੇ 12 ਰੁਪੈ ਹੀ ਭੇਜੇ ਜਾਣ, ਕਿਉਂਕਿ 'ਸੂਰਾ' ਫ਼ਰਵਰੀ ਤੋਂ ਪੰਦ੍ਰਵਾੜਾ ਹੋ ਜਾਵੇਗਾ, ਜੇਕਰ ਕਿਸੇ ਕਾਰਨ ਫ਼ਰਵਰੀ ਵਿਚ ਨਾ ਹੋ ਸਕਿਆ ਤਾਂ ਮਾਰਚ ਵਿਚ ਹੋ ਜਾਵੇਗਾ।

ਅੱਧ-ਮਾਸਕ ਪੱਤਰ 'ਸੂਰਾ' ਦੇ ਚੰਦੇ ਦਾ ਵੇਰਵਾ—

ਸਾਲਾਨਾ ਦੇਸ 12 ਰੁਪੈ   ਛਿਮਾਹੀ 7 ਰੁਪੈ   ਪ੍ਰਦੇਸ (ਹਵਾਈ ਡਾਕ) 60 ਰੁਪੈ   ਸਮੁੰਦਰੀ ਡਾਕ 24 ਰੁਪੈ

ਛਿਮਾਹੀ ਪ੍ਰਦੇਸ (ਹਵਾਈ ਡਾਕ) 35 ਰੁਪੈ   ਸਮੁੰਦਰੀ ਡਾਕ 12 ਰੁਪੈ

ਮੈਨੇਜਰ–'ਸੂਰਾ' ਰਾਘੋਮਾਜਰਾ, ਪਟਿਆਲਾ।

---

# ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰ ਸੰਗਤ ਜੀਉ,

ਆਪ ਜੀ ਨੂੰ ਇਹ ਜਾਣ ਕੇ ਅਤੀ ਪ੍ਰਸੰਨਤਾ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਮਿਤੀ 13, 14 ਤੇ 15 ਫ਼ਰਵਰੀ 1970 ਨੂੰ ਅਮਰ ਆਸ਼ਰਮ ਵਿਖੇ ਹੋਣੇ ਨੀਅਤ ਹੋਏ ਹਨ। ਸਮੂੰਹ ਅਖੰਡ ਕੀਰਤਨੀ ਜਥਿਆਂ ਅਗੇ ਨਿੰਮ੍ਰਤਾ ਸਹਿਤ ਜੋਦੜੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਲੋਕਲ ਪ੍ਰੋਗਰਾਮ ਇਹਨਾਂ ਤਰੀਖਾਂ ਵਿਚ ਨਾ ਰਖਣ ਤੇ ਹੁਮ ਹੁਮਾ ਕੇ ਸਪੈਸ਼ਲ ਬਸਾਂ ਰਾਹੀਂ ਇਸ ਹੋ ਰਹੇ ਅਦੁਤੀ ਅਖੰਡ ਕੀਰਤਨ ਸਮਾਗਮ ਵਿਚ ਸ਼ਾਮਲ ਹੋਣ। ਬਾਕੀ ਵੇਰਵੇ ਸਹਿਤ ਪ੍ਰੋਗਰਾਮ ਅਗਲੇ ਪਰਚੇ ਵਿਚ ਸੰਗਤਾਂ ਦੀ ਭੇਟਾ ਕੀਤਾ ਜਾਵੇਗਾ।

ਦਾਸਰੇ–ਅਖੰਡ ਕੀਰਤਨੀ ਜੱਥਾ, ਪਟਿਆਲਾ।

ਪੁਛ ਗਿਛ ਲਈ—ਭਾ: ਮਹਿੰਦਰ ਸਿੰਘ F–12, ਮਾਲਵਾ ਕਾਲੋਨੀ,
ਨੇੜੇ ਨਵਾਂ ਮੋਤੀ ਮਹਿਲ, ਪਟਿਆਲਾ।

---


## ਧੰਨਵਾਦ

| | |
|---|---|
| ਸੰਗਤ ਬੰਬਈ ਵਲੋਂ ਰਾਹੀਂ ਭਾਈ ਕੇਹਰਜੀਤ ਸਿੰਘ ਜੀ ਬੰਬਈ | 58 ਰੁਪੈ |
| ਸ੍ਰ: ਬਲਵੰਤ ਸਿੰਘ ਅਜੀਤ ਸਿੰਘ ਜੀ ਪਿੰਡ ਬਹਿਬਲਪੁਰ | 10 " |
| ਪ੍ਰਵਾਰ ਭਾ: ਜਵਾਲਾ ਸਿੰਘ ਜੀ ਬਨਾਰਸ | 51 " |
| ਇਕ ਗੁਰਮੁਖ ਪਿਆਰਾ | 10 " |
| ਇਕ ਹੋਰ ਗੁਰਮੁਖ ਪਿਆਰਾ | 51 " |



www.AKJ.Org

ਗੁ: ਦਰਬਾਰ ਸਾਹਿਬ, ਡੇਹਰਾ ਬਾਬਾ ਨਾਨਕ (ਗੁਰਦਾਸਪੁਰ)




## ਭਾਈ ਜਵਾਲਾ ਸਿੰਘ ਜੀ ਦੀ ਯਾਦ

ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ (ਸ੍ਰੀ ਨਗਰ ਕਸ਼ਮੀਰ ਵਾਲੇ) ਜੋ 27 ਦਸੰਬਰ ਨੂੰ ਗੁਰਪੁਰੀ ਸਿਧਾਰ ਗਏ ਸਨ, ਉਹਨਾਂ ਦੇ ਨਮਿਤ ਬਨਾਰਸ ਵਿਖੇ ਰਖੇ ਗਏ ਸ੍ਰੀ ਅਖੰਡ ਪਾਠ ਦੀ ਸਮਾਪਤੀ ਸਮੇਂ ਕਢੀ ਗਈ ਮਾਇਆ ਵਿਚੋਂ ੫੧) ਦਮੜੇ 'ਸੂਰਾ' ਦੀ ਸਹਾਇਤਾ ਲਈ ਭੇਜੇ ਗਏ। ਧੰਨਵਾਦ! (ਸੰਪਾਦਕ)

*
* *

## ਝਾਂਸੀ ਵਿਖੇ ਗੁਰਮਤ ਸੰਗੀਤ ਕਲਾਸਾਂ

ਮਾਸਟਰ ਨਿਹਾਲ ਸਿੰਘ ਜੀ ਔ: ਮੈਂਬਰ ਇੰਨਚਾਰਜ ਸੰਗੀਤ ਸੈਂਟਰਜ਼ ਸਥਾਨਕ ਕਮੇਟੀ ਚੀ: ਖਾ: ਦੀਵਾਨ ਬੰਬਈ ਦੁਆਰਾ ਸਿਖਾਈਆਂ ਗੁਰਮਤ ਸੰਗੀਤ ਕਲਾਸਾਂ ਦਾ ਗਰੁਪ (ਮਿਤੀ 1.11.69) ਜਿਸ ਵਿਚ ਵਿਸ਼ੇਸ਼ ਵਿਦਿਆਰਥੀ ਪ੍ਰਿੰ. ਸ: ਕੁਲਵੰਤ ਸਿੰਘ ਜੀ, ਸਰਦਾਰਨੀ ਹਰਬੰਸ ਕੌਰ ਜੀ ਪ੍ਰਧਾਨ ਇਸਤਰੀ ਸਤਿਸੰਗ ਸਭਾ ਤੇ ਲੇਡੀ ਡਾਕਟਰ ਸ਼ਕੁੰਤਲਾ ਜੀ ਹਨ।



www.AKJ.Org

## ਦੇਸ਼ ਕੌਮ ਦੇ ਲੀਡਰੋ !

# ਕੁਝ ਸੋਚੋ, ਕੁਝ ਕਰੋ !!

ਬਾਬੇ ਨਾਨਕ ਨੇ ਜਨੇਊ ਦੇ ਗੁਣ ਦਸਦਿਆਂ ਕਿਹਾ ਕਿ—

ਦਇਆਵਾਨ ਤੇ ਸੰਤੋਖੀ ਮਨੁਖ ਬਣਨ ਲਈ ਜਤ (ਉੱਚੇ ਆਚਰਨ) ਦੀ ਗੰਢ ਸਰੀਰ ਲਈ ਜ਼ਰੂਰੀ ਹੈ—

ਪਰ ਕੌਮ ਦੇ ਨੌਜਵਾਨ ਬੱਚੇ ਬੱਚੀਆਂ, ਗੰਦੇ ਸਿਨਮੇ ਵੇਖਕੇ, ਘਟੀਆ ਗੀਤ ਸੁਣ ਕੇ ਜੱਤ ਦੀ ਗੰਢ ਨੂੰ, ਸ੍ਵੈ-ਕਾਬੂ ਦੀ ਗੰਢ ਨੂੰ ਭੰਗ ਦੇ ਭਾੜੇ ਗੁਆ ਰਹੇ ਹਨ। ਇਸੇ ਕਰ ਕੇ ਗੁਰੂ ਦੀ ਬਾਣੀ, ਗੁਰੂ ਦੀ ਰਹਿਤ ਵਲੋਂ ਉਹ ਮੂੰਹ ਮੋੜ ਰਹੇ ਹਨ। ਕੀ ਪੰਜਾਬ ਦੇ ਧਾਰਮਿਕ ਜਾਂ ਰਾਜਨੀਤਕ ਲੀਡਰ, ਗੰਦੇ ਸਿਨਮਿਆਂ ਨੂੰ ਪੰਜਾਬ ਵਿਚ ਆਉਣਾ ਹਟਾ ਕੇ ਜਾਂ ਪੰਜਾਬੀ ਸਭਿਅੱਤਾ ਅਨੁਸਾਰ ਸੈਂਸਰ ਬੋਰਡ ਬਿਠਾ ਕੇ ਸਿਨਮਿਆਂ ਦੀ ਪੱਧਰ ਨੂੰ ਉੱਚਾ ਕਰ ਸਕਦੇ ਹਨ, ਤੇ ਦੇਸ਼, ਕੌਮ ਦੇ ਭਵਿੱਖਤ ਦੀ ਰਖਵਾਲੀ ਕਰ ਸਕਦੇ ਹਨ ?

— ਇਸ ਵਾਸਤੇ —

## ਕੁਝ ਸੋਚੋ ! ਕੁਝ ਕਰੋ !!

www.AKJ.org